@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 17 January 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 17 ਜਨਵਰੀ 2025, 4 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 68, qpatrika@gmail.com ਫੋਨ : 9971359517 www.qaumipatrika.org

ਸਰਕਾਰੀ ਮੁਲਾਜਮਾਂ ਨੂੰ ਮੋਦੀ ਸਰਕਾਰ ਦਾ ਵੱਡਾ ਤੋਹਫਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 16 ਜਨਵਰੀ। ਕੇਂਦਰੀ ਮੰਤਰੀ ਮੰਡਲ ਨੇ ਵੀਰਵਾਰ ਨੂੰ ਇੱਕ ਵੱਡੇ ਫੈਸਲੇ ਵਿੱਚ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਨਸਨਰਾਂ ਦੇ ਭੱਤਿਆਂ ਵਿੱਚ ਸੋਧ ਕਰਨ ਲਈ 8ਵੇਂ ਤਨਖਾਹ ਕਮਿਸਨ ਦੇ ਗਠਨ ਦਾ ਫੈਸਲਾ ਕੀਤਾ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸਵਨੀ ਵੈਸਨਵ ਨੇ ਕਿਹਾ ਕਿ 8ਵੇਂ ਤਨਖਾਹ ਕਮਿਸਨ ਦੇ ਗਠਨ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਲਿਆ ਗਿਆ। ਜਿ਼ਕਰਯੋਗ ਹੈ ਕਿ 7ਵੇਂ ਤਨਖਾਹ ਕਮਿਸਨ ਦਾ ਗਠਨ 2016 'ਚ ਕੀਤਾ ਗਿਆ ਸੀ ਅਤੇ ਇਸ ਦਾ ਕਾਰਜਕਾਲ 2026 'ਚ ਖਤਮ ਹੋ ਰਿਹਾ ਹੈ। ਵੈਸਨਵ ਨੇ ਕਿਹਾ ਕਿ ਕਮਿਸਨ ਦੇ ਚੇਅਰਮੈਨ ਅਤੇ ਦੋ ਮੈਂਬਰਾਂ ਦੀ ਨਿਯੁਕਤੀ ਜਲਦੀ ਕਰ ਦਿੱਤੀ ਜਾਵੇਗੀ। ਕੇਂਦਰ ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਦੇਸ ਭਰ ਦੇ ਲੱਖਾਂ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ 'ਚ ਬੰਪਰ ਵਾਧਾ ਹੋ ਸਕਦਾ ਹੈ। ਫੈਸਲੇ ਦੀ ਜਾਣਕਾਰੀ ਦਿੰਦੇ ਹੋਏ ਕੇਂਦਰੀ ਮੰਤਰੀ ਅਸਵਨੀ ਵੈਸਨਵ ਨੇ ਕਿਹਾ ਕਿ ਸਰਕਾਰ ਨੇ ਕੇਂਦਰੀ ਕਰਮਚਾਰੀਆਂ ਦੀਆਂ ਤਨਖਾਹਾਂ ਨੂੰ ਸੋਧਣ ਲਈ 8ਵੇਂ ਤਨਖਾਹ ਕਮਿਸਨ ਨੂੰ ਮਨਜ਼ੂਰੀ ਦੇ ਦਿੱਤੀ ਹੈ। 7ਵਾਂ ਤਨਖਾਹ ਕਮਿਸਨ 2016 ਵਿੱਚ ਲਾਗੂ ਕੀਤਾ ਗਿਆ ਸੀ। 7ਵੇਂ

ਤਨਖਾਹ ਕਮਿਸਨ ਦਾ ਕਾਰਜਕਾਲ 2026 ਤੱਕ ਹੋਵੇਗਾ। ਪਰ, ਉਸ ਤੋਂ ਬਾਅਦ 8ਵਾਂ ਤਨਖਾਹ ਕਮਿਸਨ ਬਣਾਇਆ ਜਾਵੇਗਾ। ਕੇਂਦਰ ਸਰਕਾਰ ਦੇ ਮੁਲਾਜਮਾਂ ਦੀ ਇਹ ਮੰਗ ਅਜਿਹੇ ਸਮੇਂ ਪੂਰੀ ਹੋਈ ਹੈ ਜਦੋਂ ਵਾਰ-ਵਾਰ 8ਵਾਂ ਤਨਖਾਹ ਕਮਿਸਨ ਨਾ ਆਉਣ ਦਾ ਖਦਸਾ ਪ੍ਰਗਟਾਇਆ ਜਾ ਰਿਹਾ ਸੀ। ਪਹਿਲਾਂ ਹੀ ਮੰਨਿਆ ਜਾ ਰਿਹਾ ਸੀ ਕਿ 7ਵੇਂ ਤਨਖਾਹ ਕਮਿਸਨ ਦੀ ਮਿਆਦ ਖਤਮ ਹੋਣ ਤੋਂ ਬਾਅਦ ਹੀ 8ਵੇਂ ਤਨਖਾਹ ਕਮਿਸਨ ਦੇ ਗਠਨ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਨਵਾਂ ਤਨਖਾਹ ਕਮਿਸਨ ਬਣਾਇਆ ਜਾਵੇਗਾ ਅਤੇ ਤਨਖਾਹ ਦੀ ਸੋਧ ਵੀ ਕੀਤੀ ਜਾਵੇਗੀ। ਹਾਲਾਂਕਿ, ਇਸ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਇਸਦੀ ਕੋਈ ਸਮਾਂ ਸੀਮਾ ਨਹੀਂ ਹੈ। ਨਵੇਂ ਤਨਖਾਹ ਕਮਿਸਨ ਵਿੱਚ ਕੀ ਆਵੇਗਾ ਤੇ ਕੀ ਨਹੀਂ ਇਹ ਕਹਿਣਾ ਜਲਦਬਾਜੀ ਹੋਵੇਗੀ। ਕਿਉਂਕਿ ਇਸ ਦੀ ਸਾਰੀ ਜਿ਼ੰਮੇਵਾਰੀ ਪੇ ਕਮਿਸਨ ਦੇ ਚੇਅਰਮੈਨ ਦੀ ਹੋਵੇਗੀ। ਸਾਲ 2026 ਵਿੱਚ ਨਵੇਂ ਤਨਖਾਹ ਕਮਿਸਨ ਦੇ ਚੇਅਰਮੈਨ ਦਾ ਐਲਾਨ ਵੀ ਹੋ ਸਕਦਾ ਹੈ। ਉਨ੍ਹਾਂ ਦੀ ਨਿਗਰਾਨੀ ਹੇਠ ਇਕ ਕਮੇਟੀ ਬਣਾਈ ਜਾਵੇਗੀ ਅਤੇ ਉਸ ਤੋਂ ਬਾਅਦ ਤਸਵੀਰ ਸਪੱਸਟ ਹੋ ਸਕੇਗੀ ਕਿ ਤਨਖਾਹ ਵਧਾਉਣ ਲਈ ਕਿਹੜਾ ਫਾਰਮੂਲਾ ਵਰਤਿਆ ਜਾਵੇ। 8ਵੇਂ ਤਨਖਾਹ ਕਮਿਸਨ ਦਾ ਗਠਨ ਸਾਲ 2026 ਤੋਂ ਪਹਿਲਾਂ ਹੋ ਜਾਵੇਗਾ। 7ਵੇਂ ਤਨਖਾਹ ਕਮਿਸਨ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਇਸ ਦੀਆਂ ਸਿਫਾਰਿਸਾਂ ਲਾਗੂ ਕੀਤੀਆਂ ਜਾਣਗੀਆਂ।

ਜੱਜ ਸੁਜਾਏ ਪਾਲ ਬਣੇ ਤੇਲੰਗਾਨਾ ਹਾਈ ਕੋਰਟ ਦੇ ਚੀਫ ਜਸਟਿਸ

ਹੈਦਰਾਬਾਦ 16 ਜਨਵਰੀ। ਜੱਜ ਸੁਜਾਏ ਪਾਲ ਨੂੰ ਤੇਲੰਗਾਨਾ ਹਾਈ ਕੋਰਟ ਦਾ ਮੁੱਖ ਜੱਜ ਨਿਯੁਕਤ ਕੀਤਾ ਗਿਆ ਹੈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਤੇਲੰਗਾਨਾ ਹਾਈ ਕੋਰਟ ਦੇ ਸੀਨੀਅਰ ਜੱਜ ਸੁਜਾਏ ਪਾਲ ਨੂੰ ਅਧਿਕਾਰਤ ਰੂਪ ਨਾਲ ਮੁੱਖ ਜੱਜ (ਚੀਫ ਜਸਟਿਸ) ਨਿਯੁਕਤ ਕਰਨ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਇਹ ਨਿਯੁਕਤੀ, ਤੇਲੰਗਾਨਾ ਅਦਾਲਤ ਦੇ ਮੌਜੂਦਾ ਮੁੱਖ ਜੱਜ ਆਲੋਕ ਅਰਾਧੇ ਨੂੰ ਬੰਬੇ ਹਾਈ ਕੋਰਟ ਦੇ ਮੁੱਖ ਜੱਜ ਵਜੋਂ ਟਰਾਂਸਫਰ ਕਰਨ ਤੋਂ ਬਾਅਦ ਕੀਤੀ ਗਈ ਹੈ। ਦੱਸਣਯੋਗ ਹੈ ਕਿ 21 ਜੂਨ 1964 ਨੂੰ ਜਨਮੇ ਜੱਜ ਸੁਜਾਏ ਪਾਲ ਨੂੰ ਗਰੈਜੂਏਸ਼ਨ, ਪੋਸਟ ਗਰੈਜੂਏਸ਼ਨ, ਲਾਅ ਦੀ ਡਿਗਰੀ ਪ੍ਰਾਪਤ ਹੈ। ਉਹ 1990 'ਚ ਮੱਧ ਪ੍ਰਦੇਸ਼ ਦੇ ਬਾਰ ਕਾਊਂਸਿਲ 'ਚ ਨਾਮਜਦ ਸਨ ਅਤੇ ਉਨ੍ਹਾਂ ਨੇ ਬੈਂਕ, ਮਨੁੱਖੀ ਅਧਿਕਾਰ ਕਮਿਸ਼ਨ ਅਤੇ ਹੋਰ ਕਈ ਸੰਗਠਨਾਂ 'ਚ ਆਪਣਾ ਯੋਗਦਾਨ ਦਿੱਤਾ ਹੈ। ਜੱਜ ਪਾਲ ਨੇ ਆਪਣਾ ਨਿਆਇਕ ਕੈਰੀਅਰ ਮੱਧ ਪ੍ਰਦੇਸ਼ ਹਾਈ ਕੋਰਟ 'ਚ 27 ਮਾਰਚ 2011 ਨੂੰ ਜੱਜ ਵਜੋਂ ਸ਼ੁਰੂ ਕੀਤਾ ਅਤੇ ਉਨ੍ਹਾਂ ਨੂੰ 14 ਅਪ੍ਰੈਲ 2014 ਨੂੰ ਸਥਾਈ ਜੱਜ ਬਣਾ ਦਿੱਤਾ ਗਿਆ।

ਹਿਮਾਚਲ 'ਚ ਸਮੂਹਿਕ ਜਬਰ-ਜਿਨਾਹ ਦਾ ਮਾਮਲਾ ਸਿਆਸੀ ਸਟੰਟ: ਬਡੌਲੀ

ਸੋਲਨ 16 ਜਨਵਰੀ। ਹਰਿਆਣਾ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬਡੌਲੀ ਦੀਆਂ ਮੁਸਕਲਾਂ ਵਧ ਗਈਆਂ ਹਨ। ਉਨ੍ਹਾਂ ਵਿਰੁੱਧ ਕਸੌਲੀ ਥਾਣੇ 'ਚ ਸਮੂਹਿਕ ਜਬਰ-ਜਿ਼ਨਾਹ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੀੜਤਾ ਦੀ ਸਿ਼ਕਾਇਤ 'ਤੇ ਪੁਲਸ ਨੇ 13 ਦਸੰਬਰ, 2024 ਨੂੰ ਕਸੌਲੀ ਪੁਲਸ ਸਟੇਸਨ 'ਚ ਮੋਹਨ ਲਾਲ ਬਡੌਲੀ ਤੇ ਜੈ ਭਗਵਾਨ ਉਰਫ ਰੌਕੀ ਮਿੱਤਲ ਵਿਰੁੱਧ ਜਬਰ-ਜਿ਼ਨਾਹ ਦਾ ਮਾਮਲਾ ਦਰਜ ਕੀਤਾ ਸੀ। ਹਾਲਾਂਕਿ ਇਹ ਘਟਨਾ 3 ਜੁਲਾਈ, 2023 ਦੀ ਦੱਸੀ ਜਾਂਦੀ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਵਾਂ ਨੇ ਪੀੜਤਾ ਨੂੰ ਸਰਕਾਰੀ ਨੌਕਰੀ ਦਿਵਾਉਣ ਤੇ ਇਕ ਐਲਬਮ 'ਚ ਅਦਾਕਾਰਾ ਬਣਾਉਣ ਦਾ

ਲਾਲਚ ਦੇ ਕੇ ਜਬਰ-ਜਿ਼ਨਾਹ ਕੀਤਾ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸੋਲਨ ਪੁਲਸ ਨੇ ਇਕ ਮਹੀਨੇ ਤੱਕ ਇਸ ਬਾਰੇ ਕੋਈ ਸੁਰਾਗ ਨਹੀਂ ਲੱਗਣ ਦਿੱਤਾ। ਇਸ ਨਾਲ ਪੁਲਸ ਦੇ ਕੰਮਕਾਜ 'ਤੇ ਵੀ ਸਵਾਲ ਚੁੱਕਦੇ ਹਨ ਕਿ ਕਿਸ ਤਰ੍ਹਾਂ ਦਾ ਦਬਾਅ ਸੀ ਕਿ ਛੋਟੇ -ਛੋਟੇ ਮਾਮਲਿਆਂ 'ਚ ਦਰਜ ਕਰ ਕੇ ਆਪਣੀ ਪਿੱਠ ਥਾਪੜਣ ਵਾਲੀ ਸੋਲਨ ਪੁਲਸ ਨੇ ਇਸ ਹਾਈ ਪ੍ਰੋਫਾਈਲ ਮਾਮਲੇ 'ਚ ਕਿਉਂ ਚੁੱਪ ਧਾਰੀ ਰੱਖੀ? ਹੋ ਸਕਦਾ ਹੈ ਕਿ ਜਾਂਚ ਪ੍ਰਭਾਵਿਤ ਹੋਣ ਦੇ ਡਰੋਂ ਪੁਲਸ ਨੇ ਨੂੰ ਜਨਤਕ ਨਾ ਕੀਤਾ ਹੋਵੇ ਪਰ ਹੁਣ ਮਾਮਲੇ ਦੇ ਉਜਾਗਰ ਹੋਣ ਤੋਂ ਬਾਅਦ ਦੋਵਾਂ ਮੁਲਜਮਾਂ 'ਤੇ ਗ੍ਰਿਫਤਾਰੀ ਦੀ ਤਲਵਾਰ ਲਟਕ ਰਹੀ ਹੈ। ਸੋਲਨ ਦੇ ਐੱਸ.ਪੀ. ਗੌਰਵ ਸਿੰਘ ਨੇ ਮਾਮਲੇ ਦੀ ਪੁਸਟੀ ਕਰਦੇ ਹੋਏ ਕਿਹਾ ਕਿ ਪੁਲਸ ਨੇ ਮਾਮਲੇ ਦਾ ਸਖਤ ਨੋਟਿਸ ਲਿਆ ਹੈ ਅਤੇ ਤੁਰੰਤ ਜਾਂਚ ਸੁਰੂ ਕਰ ਦਿੱਤੀ ਹੈ। ਇਸ ਦੌਰਾਨ ਹਰਿਆਣਾ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬਡੌਲੀ ਨੇ ਮੀਡੀਆ ਨੂੰ ਦਿੱਤੇ ਇਕ ਬਿਆਨ 'ਚ ਆਪਣੇ 'ਤੇ ਲੱਗੇ ਦੋਸਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਬਡੌਲੀ ਨੇ ਕਿਹਾ ਕਿ ਇਹ ਸਾਰਾ ਮਾਮਲਾ ਇਕ ਸਿਆਸੀ ਸਟੰਟ ਤੋਂ ਵੱਧ ਕੁਝ ਨਹੀਂ ਹੈ।

32 ਲੱਖ ਰੁਪਏ ਦੇ ਇਨਾਮੀ ਚਾਰ ਨਕਸਲੀਆਂ ਨੇ ਕੀਤਾ ਸਰੰਡਰ

ਨਾਰਾਇਣਪੁਰ 16 ਜਨਵਰੀ। ਛੱਤੀਸਗੜ੍ਹ ਦੇ ਨਾਰਾਇਣਪੁਰ ਜਿ਼ਲ੍ਹੇ 'ਚ ਬੁੱਧਵਾਰ ਨੂੰ ਚਾਰ ਨਕਸਲੀਆਂ ਨੇ ਆਤਮ ਸਮਰਪਣ ਕੀਤਾ। ਪੁਲਸ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਨਕਸਲੀ ਹਿੰਸਾ ਦੀਆਂ 40 ਤੋਂ ਵੱਧ ਘਟਨਾਵਾਂ 'ਚ ਸ਼ਾਮਲ ਸਨ ਅਤੇ ਇਨ੍ਹਾਂ 'ਤੇ ਕੁੱਲ 32 ਲੱਖ ਰੁਪਏ ਦਾ ਇਨਾਮ ਐਲਾਨ ਸੀ। ਨਾਰਾਇਣਪੁਰ ਦੇ ਪੁਲਸ ਸੁਪਰਡੈਂਟ (ਐੱਸਪੀ) ਪ੍ਰਭਾਤ ਕੁਮਾਰ ਨੇ ਦੱਸਿਆ ਕਿ ਸਰੰਡਰ ਕਰਨ ਵਾਲੇ ਨਕਸਲੀਆਂ 'ਚ ਇਕ ਜੋੜਾ ਵੀ ਸ਼ਾਮਲ ਹੈ। ਨਕਸਲੀਆਂ ਨੇ ਸੀਨੀਅਰ ਪੁਲਸ ਅਧਿਕਾਰੀਆਂ ਨੇ ਸਾਹਮਣੇ ਸਰੰਡਰ ਕੀਤਾ। ਉਨ੍ਹਾਂ ਕਿਹਾ ਕਿ ਉਹ 'ਖੋਖਲੀ' ਅਤੇ 'ਅਣਮਨੁੱਖੀ' ਮਾਓਵਾਦੀ ਵਿਚਾਰਧਾਰਾ ਅਤੇ ਸੀਨੀਅਰ ਨਕਸਲੀਆਂ ਵਲੋਂ ਨਿਰਦੋਸ਼ ਆਦਿਵਾਸੀਆਂ ਦੇ ਸ਼ੋਸ਼ਣ ਤੋਂ ਨਿਰਾਸ਼ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚਾਰ ਨਕਸਲੀਆਂ 'ਚੋਂ ਗਾਂਧੀ ਤਾਤੀ ਉਰਫ ਅਰਬ ਉਰਫ ਕਮਲੇਸ਼ (35) ਅਤੇ ਮੈਨੂੰ ਉਰਫ ਹੇਮਲਾਲ ਕੋਰਰਾਮ (35) ਮਾਓਵਾਦੀਆਂ ਦੀ ਡਿਵੀਜਨਲ ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਦੱਸਿਆ ਕਿ ਸਰੰਡਰ ਕਰਨ ਵਾਲੇ 2 ਹੋਰ ਨਕਸਲੀਆਂ ਦੀ ਪਛਾਣ ਰੰਜੀਤ ਲੇਕਾਮੀ ਉਰਫ ਅਰਜੁਨ (30) ਅਤੇ ਉਸ ਦੀ ਪਤਨੀ ਕੋਸੀ ਉਰਫ ਕਾਜਲ (28) ਵਜੋਂ ਹੋਈ ਹੈ। ਐੱਸ.ਪੀ. ਨੇ ਦੱਸਿਆ ਕਿ ਚਾਰ ਨਕਸਲੀਆਂ 'ਤੇ 8-8 ਲੱਖ ਰੁਪਏ ਦਾ ਇਨਾਮ ਸੀ ਅਤੇ ਉਹ 40 ਤੋਂ ਵੱਧ ਹਿੰਸਕ ਘਟਨਾਵਾਂ 'ਚ ਸ਼ਾਮਲ ਸਨ। ਅਧਿਕਾਰੀ ਨੇ ਦੱਸਿਆ ਕਿ ਸਰੰਡਰ ਕਰਨ ਦੇ ਉਨ੍ਹਾਂ ਦੇ ਫੈਸਲੇ ਨਾਲ ਮਾਓਵਾਦੀਆਂ ਦੀ ਨੇਲਨਾਰ ਅਤੇ ਆਮਦਈ ਏਰੀਆ ਕਮੇਟੀ ਨੂੰ ਵੱਡਾ ਝਟਕਾ ਲੱਗਾ ਹੈ, ਜੋ ਪਹਿਲਾਂ ਕਈ ਹਿੰਸਕ ਘਟਨਾਵਾਂ ਨੂੰ ਅੰਜਾਮ ਦੇਣ 'ਚ ਅਹਿਮ ਭੂਮਿਕਾ ਨਿਭਾ ਚੁੱਕੀ ਹੈ।

ਭਾਗਵਤ ਦੀ ਟਿੱਪਣੀ ਇਤਿਹਾਸ ਨੂੰ ਵਿਗੜਣ ਦੀ ਕੋਸ਼ਿਸ਼ : ਮਮਤਾ

ਕੋਲਕਾਤਾ 16 ਜਨਵਰੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇ ਮੁਖੀ ਮੋਹਨ ਭਾਗਵਤ ਦੀ ਟਿੱਪਣੀ ਦੀ ਵੀਰਵਾਰ ਨੂੰ ਨਿੰਦਾ ਕੀਤੀ ਕਿ ਸਦੀਆਂ ਤੱਕ ਦੁਸ਼ਮਣਾਂ ਦੇ ਹਮਲੇ ਝੱਲਣ ਵਾਲੇ ਭਾਰਤ ਨੂੰ 'ਸੱਚੀ ਆਜਾਦੀ' ਅਯੁੱਧਿਆ 'ਚ ਰਾਮ ਮੰਦਰ ਦੀ ਪ੍ਰਾਣ-ਪ੍ਰਤਿਸ਼ਠਾ ਦੇ ਦਿਨ ਮਿਲੀ ਸੀ। ਮਮਤਾ ਨੇ ਭਾਗਵਤ ਦੀ ਟਿੱਪਣੀ ਨੂੰ ਇਤਿਹਾਸ ਨੂੰ ਵਿਗੜਣ ਦੀ ਕੋਸ਼ਿਸ਼ ਕਰਾਰ ਦਿੱਤਾ। ਭਾਗਵਤ ਨੇ ਸੋਮਵਾਰ ਨੂੰ ਕਿਹਾ ਸੀ ਕਿ ਅਯੁੱਧਿਆ 'ਚ ਭਗਵਾਨ ਰਾਮ ਦੇ ਮੰਦਰ ਦੀ ਪ੍ਰਾਣ-ਪ੍ਰਤਿਸ਼ਠਾ ਦੀ ਤਰੀਕ 'ਪ੍ਰਤਿਸ਼ਠਾ ਦੁਆਦਸ਼ੀ' ਦੇ ਤੌਰ 'ਤੇ ਮਨਾਈ ਜਾਣੀ ਚਾਹੀਦੀ ਹੈ, ਕਿਉਂਕਿ ਸਦੀਆਂ ਤੋਂ ਦੁਸ਼ਮਣਾਂ ਦੇ ਹਮਲੇ ਝੱਲਣ ਵਾਲੇ ਭਾਰਤ ਦੀ 'ਸੱਚੀ ਆਜਦੀ' ਇਸ ਦਿਨ ਸਥਾਪਿਤ ਹੋਈ ਸੀ। ਮਮਤਾ ਨੇ ਸੂਬਾ ਸਕੱਤਰੇਤ 'ਨਬੰਨਾ' 'ਚ ਕਿਹਾ ਕਿ ਇਹ ਰਾਸ਼ਟਰ-ਵਿਰੋਧੀ ਹੈ।

ਸਰਾਬ ਘੁਟਾਲੇ 'ਚ ਛੱਤੀਸਗੜ੍ਹ ਦੇ ਸਾਬਕਾ ਆਬਕਾਰੀ ਮੰਤਰੀ ਤੇ ਕਾਂਗਰਸ ਵਿਧਾਇਕ ਕਵਾਸੀ ਲਖਮਾ ਗ੍ਰਿਫਤਾਰ

ਰਾਏਪੁਰ 16 ਜਨਵਰੀ। ਛੱਤੀਸਗੜ੍ਹ ਦੇ ਆਬਕਾਰੀ ਘੁਟਾਲੇ ਮਾਮਲੇ ਵਿੱਚ ਈਡੀ ਨੇ ਸਾਬਕਾ ਆਬਕਾਰੀ ਮੰਤਰੀ ਕਵਾਸੀ ਲਖਮਾ ਨੂੰ ਗ੍ਰਿਫਤਾਰ ਕਰ ਲਿਆ ਹੈ। ਤੁਹਾਨੂੰ ਦੱਸ ਦੇਈਏ ਕਿ 2200 ਕਰੋੜ ਰੁਪਏ ਦੇ ਘੁਟਾਲੇ ਵਿੱਚ ਈਡੀ ਕਾਵਾਸੀ ਲਖਮਾ ਤੋਂ ਲਗਾਤਾਰ ਪੁੱਛਗਿੱਛ ਕਰ ਰਹੀ ਸੀ।

ਈਡੀ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਦਾਅਵਾ ਕੀਤਾ ਸੀ ਕਿ ਸਰਾਬ ਘੁਟਾਲੇ ਵਿੱਚ ਕਾਵਾਸੀ ਲਖਮਾ ਵਿਰੁੱਧ ਸਬੂਤ ਮਿਲੇ ਹਨ। ਈਡੀ ਨੇ ਕਾਵਾਸੀ ਲਖਮਾ ਨੂੰ 3 ਜਨਵਰੀ ਨੂੰ ਪੁੱਛਗਿੱਛ ਲਈ ਪੇਸ ਹੋਣ ਲਈ ਸੰਮਨ ਜਾਰੀ ਕੀਤੇ ਸਨ। ਇਨ੍ਹਾਂ ਸਬੂਤਾਂ ਦੇ ਆਧਾਰ 'ਤੇ ਉਹਨਾਂ ਖਿ਼ਲਾਫ ਵੱਡੀ ਕਾਰਵਾਈ ਕੀਤੀ ਗਈ ਹੈ। ਇਸ ਤੋਂ ਪਹਿਲਾਂ ਈਡੀ ਇਸੇ ਤਰ੍ਹਾਂ ਦੇ ਸਬੂਤਾਂ ਦਾ ਦਾਅਵਾ ਕਰਦੇ ਹੋਏ ਸਰਾਬ ਕਾਰੋਬਾਰੀ ਅਤੇ ਰਾਏਪੁਰ ਦੇ ਸਾਬਕਾ ਮੇਅਰ ਏਜਾਜ ਢੇਬਰ ਦੇ ਭਰਾ, ਅਨਵਰ ਢੇਬਰ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀ ਏਪੀ ਤ੍ਰਿਪਾਠੀ ਸਮੇਤ ਪੰਜ ਲੋਕਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।

ਅਦਾਕਾਰ ਸੈਫ ਅਲੀ ਖਾਨ 'ਤੇ ਜਾਨਲੇਵਾ ਹਮਲਾ, ਹਸਪਤਾਲ ਦਾਖਲ

ਏਜੰਸੀਆਂ

ਮੁੰਬਈ 16 ਜਨਵਰੀ। ਬਾਲੀਵੁੱਡ ਅਦਾਕਾਰ ਸੈਫ ਅਲੀ ਖਾਨ 'ਤੇ ਜਾਨਲੇਵਾ ਹਮਲਾ ਹੋਇਆ ਹੈ। ਬੁੱਧਵਾਰ ਅੱਧੀ ਰਾਤ ਨੂੰ ਉਨ੍ਹਾਂ ਦੇ ਘਰ ਵਿਚ ਵੜ ਗਿਆ ਤੇ ਉਨ੍ਹਾਂ 'ਤੇ ਤੇਜਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ ਹੈ। ਜਾਣਕਾਰੀ ਮੁਤਾਬਕ ਬੀਤੀ ਰਾਤ 2 ਵਜੇ ਇਕ ਚੋਰ ਸੈਫ ਅਲੀ ਖਾਨ ਦੇ ਮੁੰਬਈ ਦੇ ਬਾਂਦਰਾ ਸਥਿਤ ਘਰ ਵਿਚ ਆ ਵੜਿਆ ਤੇ ਉਨ੍ਹਾਂ 'ਤੇ ਤੇਜਧਾਰ ਹਥਿਆਰ ਨਾਲ ਹਮਲਾ ਕ ਦਿਆਤਾ। ਇਸ ਵਿਚ ਉਹ ਗੰਭੀਰ ਰੂਪ ਨਾਲ ਜਖਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਲੀਲਾਵਤੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਬਾਂਦਰਾ ਪੁਲਸ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਚੋਰ ਸੈਫ ਅਲੀ ਖਾਨ ਦੇ ਘਰ ਵਿਚ ਵੜਿਆ, ਉਨ੍ਹਾਂ 'ਤੇ ਹਮਲਾ ਕੀਤਾ ਤੇ ਫਿ਼ਰ ਉੱਥੋਂ ਫਰਾਰ ਵੀ ਹੋ ਗਿਆ, ਪਰ ਉਸ ਨੂੰ ਕਿਸੇ ਨੇ ਵੇਖਿਆ ਤਕ ਨਹੀਂ। ਫਿ਼ਲਹਾਲ ਪੁਲਸ ਵੱਲੋਂ ਹਰ ਐਂਗਲ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬਾਲੀਵੁੱਡ ਅਭਿਨੇਤਾ ਸੈਫ ਅਲੀ ਖਾਨ 'ਤੇ ਬੀਤੀ ਰਾਤ ਹੋਏ ਹਮਲੇ ਤੋਂ ਹਰ ਕੋਈ ਚਿੰਤਤ ਹੈ। ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਦੌਰਾਨ ਸੈਫ ਦੀ ਪਤਨੀ ਅਤੇ ਅਦਾਕਾਰਾ ਕਰੀਨਾ

ਕਪੂਰ ਖਾਨ ਦਾ ਹਮਲੇ ਤੋਂ ਬਾਅਦ ਪਹਿਲਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਪੋਸਟ ਕਰਕੇ ਸਾਰਿਆਂ ਦਾ ਦੁਆਵਾਂ ਲਈ ਧੰਨਵਾਦ ਕੀਤਾ ਹੈ। ਕਰੀਨਾ ਨੇ ਲੋਕਾਂ ਨੂੰ ਧੀਰਜ ਰੱਖਣ ਅਤੇ ਸਦਮੇ ਤੋਂ ਉਭਰਨ ਲਈ ਆਪਣੇ ਪਰਿਵਾਰ ਨੂੰ ਸਮਾਂ ਦੇਣ ਲਈ ਕਿਹਾ ਹੈ। ਸੈਫ ਅਲੀ ਖਾਨ 'ਤੇ ਹੋਏ ਹਮਲੇ ਨੇ ਪੂਰੇ ਦੇਸ ਨੂੰ ਹਿਲਾ ਕੇ ਰੱਖ ਦਿੱਤਾ

ਪੁਰਤਾਨ ਸਮੇਂ ਦੀ ਬਣੀ ਤਿੰਨ ਮੰਜਿਲੀ ਇਮਾਰਤ ਬਣੇਗੀ ਬੇਆਸਰਾ ਅਨਾਥ ਲੋਕਾਂ ਦਾ ਰਹਿਣ ਬਸੇਰਾ

ਗੁਰਦਾਸਪੁਰ 16 ਜਨਵਰੀ। ਗੁਰਦਾਸਪੁਰ ਦੇ ਨੇੜਲੇ ਕਸਬਾ ਹਰਚੋਵਾਲ 'ਚ ਕੋਈ ਸਾਢੇ 8 ਦਹਾਕੇ ਪਹਿਲਾਂ ਬਹੁਮੁੱਲੀ ਬਣੀ ਤਿੰਨ ਮੰਜਿਲੀ ਇਮਾਰਤ, ਜੋ ਇਸ ਇਲਾਕੇ ਅੰਦਰ ਆਪਣੀ ਵੱਖਰੀ ਪਛਾਣ ਰੱਖਦੀ ਸੀ। ਅੱਜ ਬੇਸਹਾਰਾ, ਮੰਦਬੁੱਧੀ, ਅਨਾਥ ਲੋਕਾਂ ਦੀ ਸਾਂਭ ਸੰਭਾਲ ਲਈ ਇਲਾਕੇ 'ਚ ਚੀਨੀਆਂ ਦੀ ਕੋਠੀ ਦੇ ਨਾਮ ਨਾਲ ਜਾਣੀ ਜਾਂਦੀ ਹੈ, ਇਹ ਇਮਾਰਤ, ਜੋ ਪਿਛਲੇ ਲੰਮੇ ਸਮੇਂ ਤੋਂ ਬੰਦ ਪਈ ਹੋਈ ਸੀ, ਜਿਸ ਨੂੰ ਦੇਸ-ਵਿਦੇਸ 'ਚ ਰਹਿੰਦੇ ਇਸ ਦੇ ਵਾਰਿਸਾਂ ਨੇ ਸੁਝਬੂਝ ਅਤੇ ਦਰਿਆ ਦਿਲੀ ਦਿਖਾਉਂਦੇ ਹੋਏ ਬੇਸਹਾਰਾ, ਮੰਦਬੁੱਧੀ, ਅਨਾਥ ਲੋਕਾਂ ਦੀ ਸਾਂਭ ਸੰਭਾਲ ਦੇ ਨਾਲ-ਨਾਲ ਰਾਹਗੀਰਾਂ ਲਈ ਅਰਾਮਗਾਹ ਵਾਸਤੇ ਪ੍ਰਭ ਆਸ਼ਰਮ ਸੇਵਾ ਸੋਸਾਇਟੀ ਹਰਚੋਵਾਲ ਨੂੰ ਸੇਵਾ ਲਈ ਲਈ ਸੌਂਪ ਦਿੱਤੀ ਗਈ। ਇਸ ਸਬੰਧੀ ਪ੍ਰਭ ਆਸਰਮ ਨਾਲ ਸਬੰਧਤ ਸੇਵਾਦਾਰ ਪ੍ਰਿੰਸੀਪਲ ਕੈਪਟਨ ਸਿੰਘ, ਥਾਣੇਦਾਰ ਜੋਗਿੰਦਰ ਸਿੰਘ, ਅਮਨਦੀਪ ਸਿੰਘ ਰਿਆੜ, ਡਾਕਟਰ ਅਮਰਜੀਤ ਸਿੰਘ ਆਦਿ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਦੇ ਹਰਚੋਵਾਲ ਦੇ ਵਸਨੀਕ ਪਾਲ ਸਿੰਘ, ਲਾਲ ਸਿੰਘ ਪੁੱਤਰ ਲਹਿਣਾ ਸਿੰਘ, ਈਸ਼ਰ ਸਿੰਘ ਵੱਲੋਂ ਸਿੰਘਾਪੁਰ ਜਾ ਕੇ ਦਿਨ ਰਾਤ ਮਿਹਨਤ ਕਰਨ ਉਪਰੰਤ ਪਿੰਡ ਹਰਚੋਵਾਲ ਵਾਪਸ ਆ ਕੇ ਸਮੂਹ ਚੀਨੀਆਂ ਪਰਿਵਾਰ ਵੱਲੋਂ 1939 ਈ. ਵਿਚ ਤਿੰਨ ਮੰਜਿਲੀ ਇਹ ਇਮਾਰਤ ਬਣਵਾਈ ਗਈ ਸੀ। ਇਸ ਇਮਾਰਤ ਨੂੰ ਨੇੜਿਓਂ ਦੇਖਣ 'ਤੇ ਇਸ ਇਮਾਰਤ 'ਚ ਆਲੀਸ਼ਾਨ ਕਮਰੇ ਬਣੇ ਹੋਏ ਹਨ। ਇਸ ਇਮਾਰਤ ਨੂੰ ਲੱਕੜ ਦਿਆਰ ਦੀ ਲੱਗੀ ਹੋਈ ਸੀ, ਪਾਣੀ ਪੀਣ ਵਾਸਤੇ ਇਸ ਅੰਦਰ ਇਕ ਖੂਹ ਵੀ ਮੌਜੂਦ ਹੈ। ਇਸ ਮੌਕੇ ਪ੍ਰਭ

ਆਸਰਮ ਹਰਚੋਵਾਲ ਦੇ ਸੇਵਾਦਾਰ ਪ੍ਰਿੰਸੀਪਲ ਕੈਪਟਨ ਸਿੰਘ, ਥਾਣੇਦਾਰ ਜੋਗਿੰਦਰ ਸਿੰਘ, ਅਮਨਦੀਪ ਸਿੰਘ ਰਿਆੜ, ਡਾਕਟਰ ਅਮਰਜੀਤ ਸਿੰਘ ਸਮੇਤ ਸੇਵਾਦਾਰਾਂ ਵੱਲੋਂ ਸਮੂਹ ਚੀਨੀਆਂ ਪਰਿਵਾਰ ਦਾ ਧੰਨਵਾਦ ਕੀਤਾ। ਇਸ ਸਾਂਝੀ ਇਮਾਰਤ ਦੀ 85 ਸਾਲਾਂ ਦੇ ਲੰਬੇ ਅਰਸੇ ਦੌਰਾਨ ਕਦੇ ਵੰਡ ਨਹੀਂ ਹੋਈ ਕਿਸੇ ਸਮੇਂ ਇਸ ਪਰਿਵਾਰ ਦੇ ਮੈਂਬਰ ਈਸ਼ਰ ਸਿੰਘ ਪੁੱਤਰ ਆਤਮਾ ਸਿੰਘ, ਪਾਲ ਸਿੰਘ ਪੁੱਤਰ ਨਰਿੰਜਣ ਸਿੰਘ, ਬੋਗ ਸਿੰਘ, ਚੰਨਣ ਸਿੰਘ, ਨਿੱਕੀ ਕੌਰ, ਲਾਲ ਸਿੰਘ ਪੁੱਤਰ ਹਰਭਜਨ ਸਿੰਘ, ਦਰਸਨ ਸਿੰਘ, ਸੰਤੋਖ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਾਡਾ ਸਾਰਾ ਪਰਿਵਾਰ ਸਮੇਤ ਪੁੱਤਰ ਧੀਆ ਇੱਕਠੇ ਇਨ੍ਹਾਂ ਚੁਬਾਰਿਆਂ 'ਚ ਰਹਿੰਦੇ ਸਨ, ਇੱਕਠੇ ਬੈਠ ਕੇ ਖਾਣਾ ਖਾਦੇ ਸੀ, ਕਦੇ ਕੋਈ ਲੜਾਈ ਝਗੜਾ ਨਹੀਂ ਸੀ ਹੁੰਦਾ। ਇਸ ਚੀਨੀਆਂ ਪਰਿਵਾਰ ਦੀ ਖਾਸ ਗੱਲ ਇਹ ਸੀ ਕਿ 1939 ਸੰਨ ਤੋਂ ਲੈਕੇ ਕਿ ਹੁਣ ਤੱਕ ਇਸ ਇਮਾਰਤ ਦੀ ਕਿਸੇ ਤਰ੍ਹਾਂ ਵੀ ਵੰਡ ਨਹੀਂ ਕੀਤੀ ਗਈ। ਨਾ ਹੀ ਕਿਸੇ ਵੱਲੋਂ ਇਸ ਇਮਾਰਤ ਨੂੰ ਵੇਚਿਆ ਗਿਆ। ਭਾਵੇਂ ਚੀਨੀਆਂ ਪਰਿਵਾਰ ਦੀਆਂ ਅਗਲੀਆਂ ਪੀੜ੍ਹੀਆਂ ਦੇਸ ਤੋਂ ਇਲਾਵਾ ਵਿਦੇਸਾਂ 'ਚ ਵੱਖ-ਵੱਖ ਥਾਵਾਂ 'ਤੇ ਵੱਖਰੇ-ਵੱਖਰੇ ਘਰ ਬਣਾ ਕੇ ਰਹਿ ਰਹੇ ਹਨ ਅਤੇ ਪਿਛਲੇ 5 ਕੁ ਸਾਲਾਂ ਤੋਂ ਇਸ ਇਮਾਰਤ ਦੇ ਦਰਵਾਜੇ ਬੰਦ ਪਏ ਹੋਏ ਸਨ, ਜਿਸ ਕਰ ਕੇ ਇਸ ਕੋਠੀ ਅੰਦਰ ਬਣੇ ਕਮਰਿਆਂ ਅਤੇ ਚੁਬਾਰਿਆਂ ਦੀ ਹਾਲਤ ਖਰਾਬ ਹੋ ਰਹੀ ਸੀ, ਜਿਨ੍ਹਾਂ ਨੂੰ ਮੁੱਖ ਰੱਖਦੇ ਹੋਏ ਸਮੂਹ ਚੀਨੀਆਂ ਪਰਿਵਾਰ ਦੇ ਮੈਂਬਰਾਂ ਲਾਲ ਸਿੰਘ ਪੁੱਤਰ ਹਰਭਜਨ ਸਿੰਘ, ਦਰਸਨ ਸਿੰਘ, ਸੰਤੋਖ ਸਿੰਘ, ਆਤਮਾ ਸਿੰਘ ਪੁੱਤਰ ਈਸ਼ਰ ਸਿੰਘ ਦੇ ਸਮੂਹ ਪਰਿਵਾਰ, ਆਤਮਾ ਸਿੰਘ ਪੁੱਤਰ ਅਜੈਬ ਸਿੰਘ, ਸਤਨਾਮ ਸਿੰਘ, ਗੁਰਨਾਮ ਸਿੰਘ, ਸਰਵਨ ਸਿੰਘ, ਸੁਖਵਿੰਦਰ ਸਿੰਘ, ਨਰਿੰਜਣ ਸਿੰਘ ਪੁੱਤਰ ਨਰਿੰਦਰ ਸਿੰਘ, ਚੰਨਣ ਸਿੰਘ ਪੁੱਤਰ ਮਨਜੀਤ ਸਿੰਘ, ਹਰਜੀਤ ਸਿੰਘ, ਬੋਗ ਸਿੰਘ, ਜਸਵੰਤ ਸਿੰਘ ਅਤੇ ਕੈਪਟਨ ਦਰਸਨ ਸਿੰਘ ਦੇ ਲੜਕੇ ਕਰਨਲ ਭੁਪਿੰਦਰ ਸਿੰਘ ਅਤੇ ਦਵਿੰਦਰ ਸਿੰਘ ਤੇ ਪਲਵਿੰਦਰ ਸਿੰਘ ਆਦਿ ਪਰਿਵਾਰਕ ਮੈਂਬਰਾਂ ਦੀ ਸਹਿਮਤੀ ਨਾਲ ਇਸ ਇਮਾਰਤ ਨੂੰ ਹੁਣ ਪ੍ਰਭ ਆਸ਼ਰਮ ਹਰਚੋਵਾਲ ਦੀ ਸੰਸਥਾ ਨੂੰ ਸੇਵਾ ਕਰਨ ਲਈ ਦੇ ਦਿੱਤੀ ਗਈ ਹੈ

10 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ

ਬਟਾਲਾ/ਨੌਸਹਿਰਾ ਮੱਝਾ ਸਿੰਘ 16 ਜਨਵਰੀ। ਐਕਸਾਈਜ ਵਿਭਾਗ, ਆਰ.ਕੇ. ਇੰਟਰਪ੍ਰਾਈਜਜ ਤੇ ਪੁਲਸ ਦੀ ਸਾਂਝੀ ਰੇਡ ਟੀਮ ਵੱਲੋਂ ਸਰਕਲ ਕਾਹਨੂੰਵਾਨ ਦੇ ਪਿੰਡਾਂ 'ਚ ਚਲਾਏ ਜਾ ਰਹੇ ਸਰਚ ਅਭਿਆਨ ਤਹਿਤ 10 ਬੋਤਲਾਂ ਦੇਸੀ ਨਜਾਇਜ ਸਰਾਬ ਬਰਾਮਦ ਕੀਤੀ ਗਈ। ਆਰਕੇ ਇੰਟਰਪ੍ਰਾਈਜਜ ਦੇ ਮੁੱਖ ਪ੍ਰਬੰਧਕ ਰਾਹੁਲ ਭੱਲਾ, ਜੀ.ਐਮ. ਗੁਰਪ੍ਰੀਤ ਗੋਪੀ ਉੱਪਲ ਤੇ ਇੰਚਾਰਜ ਸੌਰਵ ਤੁਲੀ ਨੇ ਦੱਸਿਆ ਕਿ ਐਕਸਾਈਜ ਵਿਭਾਗ ਤੇ ਆਰਕੇ ਇੰਟਰਪ੍ਰਾਈਜਜ ਤੇ ਪੁਲਸ ਵੱਲੋਂ ਐਕਸਾਈਜ ਈਟੀਓ ਹੇਮੰਤ ਸਰਮਾ, ਐਕਸਾਈਜ ਇੰਸਪੈਕਟਰ ਪੰਕਜ ਮਲਹੋਤਰਾ ਤੇ ਹੋਰਨਾਂ ਅਧਾਰਿਤ

ਰੇਡ ਪਾਰਟੀ ਟੀਮ ਵੱਲੋਂ ਸਰਕਲ ਦੇ ਪਿੰਡਾਂ 'ਚ ਤੇਜੀ ਨਾਲ ਚਲਾਏ ਜਾ ਰਹੇ ਸਰਚ ਅਭਿਆਨ ਦੌਰਾਨ ਪਿੰਡ ਭੱਟੀਆਂ ਨਜਦੀਕ ਚੌਰਾਹੇ 'ਤੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਇਕ ਨੌਜਵਾਨ ਹਰਚੋਵਾਲ ਰੋਡ ਵੱਲੋਂ ਆ ਰਿਹਾ ਸੀ ਉਹ ਨਾਕਾਬੰਦੀ ਵੇਖ ਕੇ ਆਪਣਾ ਬੈਗ ਛੱਡ ਕੇ ਭੱਜ ਗਿਆ । ਰੇਡ ਪਾਰਟੀ ਨੇ ਜਾ ਕੇ ਜਦੋਂ ਬੈਗ ਦੀ ਚੈਕਿੰਗ ਕੀਤੀ ਤਾਂ ਪਾਲੀਥੀਨ ਦੇ ਪੈਕਟਾਂ 'ਚ ਬੰਦ 10 ਬੋਤਲਾਂ ਦੇਸੀ ਨਜਾਇਜ ਸਰਾਬ ਬਰਾਮਦ ਕਰਕੇ ਉਕਤ ਵਿਅਕਤੀ ਖਿਲਾਫ ਸਬੰਧਿਤ ਥਾਣਾ ਵਿਖੇ ਕਾਰਵਾਈ ਅਮਲ 'ਚ ਲਿਆਂਦੀ ਹੈ। ਇਸ ਮੌਕੇ ਮਨਪ੍ਰੀਤ ਮੰਨਾ, ਹਰਿੰਦਰ ਸਿੰਘ ਹਿੰਦਾ ਤੇ ਹੋਰ ਹਾਜਰ ਸਨ।

ਜੂਸ ਬਾਰ ਮਾਲਕ ਕੋਲੋਂ ਮੰਗੀ 50 ਲੱਖ ਦੀ ਫਿਰੌਤੀ, ਨਾ ਦੇਣ 'ਤੇ ਚਲਾਈਆਂ ਗੋਲੀਆਂ

ਤਰਨਤਾਰਨ 16 ਜਨਵਰੀ। ਜੂਸ ਬਾਰ ਮਾਲਕ ਕੋਲੋਂ 50 ਲੱਖ ਰੁਪਏ ਦੀ ਫਿਰੌਤੀ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਮੰਗ ਪੂਰੀ ਨਾ ਹੋਣ ਕਾਰਨ ਅਣਪਛਾਤੇ ਵਿਅਕਤੀਆਂ ਵੱਲੋਂ ਦੁਕਾਨ ਦੇ ਸ਼ਟਰ 'ਤੇ ਫਾਇਰਿੰਗ ਕਰ ਦਿੱਤੀ ਗਈ। ਇਸ ਸਬੰਧੀ ਥਾਣਾ ਖੇਮਕਰਨ ਦੀ ਪੁਲਸ ਨੇ ਵਿਦੇਸ਼ ਵਿਚ ਬੈਠੇ ਗੈਂਗਸਟਰ ਲਖਬੀਰ ਸਿੰਘ ਲੰਡਾ ਅਤੇ ਇਕ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੁਰਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਖੇਮਕਰਨ ਨੇ ਦੱਸਿਆ ਕਿ ਉਹ ਚੌੜੇ ਬਾਜ਼ਾਰ ਖੇਮਕਰਨ ਵਿਚ ਰਾਣਾ ਜੂਸ ਬਾਰ ਦਾ ਕਾਰੋਬਾਰ ਕਰਦਾ ਹੈ। ਬੀਤੀ 6 ਜਨਵਰੀ ਨੂੰ ਸ਼ਾਮ ਕਰੀਬ 5 ਵਜੇ ਉਸ ਦੇ ਮੋਬਾਈਲ ਫੋਨ 'ਤੇ ਵੱਖ-ਵੱਖ ਨੰਬਰਾਂ ਤੋਂ ਵ੍ਹਟਸਐਪ ਕਾਲਾਂ ਆਈਆਂ, ਜਿਸ ਦੌਰਾਨ ਫੋਨ ਕਰਨ ਵਾਲੇ ਨੇ ਆਪਣਾ ਨਾਂ ਲੰਡਾ ਹਰੀਕੇ ਦੱਸਿਆ ਅਤੇ ਉਸ ਕੋਲੋਂ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ। ਫਿਰੌਤੀ ਦੀ ਮੰਗ ਪੂਰੀ ਨਾ ਹੋਣ ਕਾਰਨ ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ, ਜਿਸ ਤੋਂ ਬਾਅਦ ਉਸ ਨੇ ਫੋਨ ਬੰਦ ਕਰ ਦਿੱਤਾ। ਇਸ ਦੌਰਾਨ ਬੀਤੀ 7 ਜਨਵਰੀ ਨੂੰ ਮੁੜ ਤੋਂ ਉਸ ਦੇ ਮੋਬਾਈਲ 'ਤੇ ਫੋਨ ਕਾਲਾਂ ਆਈਆਂ, ਜੋ ਉਸ ਨੇ ਨਹੀਂ ਚੁੱਕੀਆਂ। ਬੀਤੀ 10 ਜਨਵਰੀ ਦੀ ਸਵੇਰ ਉਸ ਦੀ ਦੁਕਾਨ ਦੇ ਸ਼ਟਰ 'ਤੇ ਕਿਸੇ ਅਣਪਛਾਤੇ ਵਿਅਕਤੀ ਵੱਲੋਂ 2 ਗੋਲੀਆਂ ਚਲਾਈਆਂ ਗਈਆਂ, ਜਿਸ ਕਾਰਨ ਇਕ ਗੋਲੀ ਸ਼ਟਰ ਨੂੰ ਪਾਰ ਕਰ ਗਈ। ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਫਿਰੌਤੀ ਦੀ ਕਾਲ ਤੋਂ ਬਾਅਦ ਸਾਰੀ ਜਾਣਕਾਰੀ ਪੁਲਸ ਨੂੰ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਭਿਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਲਖਬੀਰ ਸਿੰਘ ਉਰਫ ਲੰਡਾ ਨਿਵਾਸੀ ਹਰੀਕੇ ਅਤੇ ਇਕ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕਰਦਿਆਂ ਪੁਲਸ ਵੱਲੋਂ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।



ਨੂੰਹ-ਪੁੱਤ ਨੇ ਜਾਨਵਰਾਂ ਵਾਂਗ ਕੁੱਟੀ ਵਿਧਵਾ ਮਾਂ, ਗੁਆਂਢੀਆਂ ਨੇ ਛੁਡਵਾਇਆ

ਅਬੋਹਰ 16 ਜਨਵਰੀ। ਸਥਾਨਕ ਰਾਮਦੇਵ ਨਗਰੀ ਦੀ ਰਹਿਣ ਵਾਲੀ ਇੱਕ ਬਜ਼ੁਰਗ ਔਰਤ ਨੂੰ ਬੀਤੀ ਰਾਤ ਉਸਦੇ ਹੀ ਪੁੱਤਰ ਅਤੇ ਨੂੰਹ ਨੇ ਘਰੇਲੂ ਝਗੜੇ ਕਾਰਨ ਇੱਕ ਕਮਰੇ 'ਚ ਬੰਧਕ ਬਣਾ ਕੇ ਰੱਖਣ ਤੋਂ ਬਾਅਦ ਕੁੱਟਮਾਰ ਕਰਕੇ ਜ਼ਖਮੀ ਕਰ ਦਿੱਤਾ। ਗੁਆਂਢੀਆਂ ਨੇ ਉਸ ਨੂੰ ਉਨ੍ਹਾਂ ਦੇ ਚੰਗੁਲ ਤੋਂ ਛੁਡਵਾਇਆ ਅਤੇ ਇਸ ਬਾਰੇ ਪੁਲਸ ਨੂੰ ਸੂਚਿਤ ਕੀਤਾ ਅਤੇ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਗੁਆਂਢੀਆਂ ਨੇ ਦੱਸਿਆ ਕਿ ਵਿਧਵਾ ਨੂੰ ਉਸਦੇ ਪੁੱਤਰ ਅਤੇ ਨੂੰਹ ਨੇ ਇੰਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਸਦਾ ਪੇਸ਼ਾਬ ਹੀ ਵਿਚਾਲੇ ਨਿਕਲ ਗਿਆ। ਇਲਾਜ ਅਧੀਨ ਕਰੀਬ 70 ਸਾਲਾ ਔਰਤ, ਸ਼ੀਲਾ ਦੇਵੀ ਪਤਨੀ ਸਵ. ਸਤਪਾਲ ਨੇ ਦੱਸਿਆ ਕਿ ਦੱਸਿਆ ਕਿ ਉਹ ਮਜ਼ਦੂਰੀ ਦਾ ਕੰਮ ਕਰਦੀ ਹੈ ਉਸਦੇ 2 ਪੁੱਤਰ ਹਨ। ਇਨ੍ਹਾਂ ਵਿੱਚੋਂ ਵੱਡੇ ਪੁੱਤਰ ਨੇ ਘਰ ਦਾ ਅੱਧਾ ਹਿੱਸਾ ਛੋਟੇ ਪੁੱਤਰ ਨੂੰ ਦੇ ਕੇ ਵੱਖ ਕਰ ਦਿੱਤਾ ਹੈ, ਜਦੋਂ ਕਿ ਬਾਕੀ ਹਿੱਸੇ ਵਿੱਚ ਉਸਦਾ ਵੱਡਾ ਪੁੱਤਰ ਅਤੇ ਉਸਦੀ ਪਤਨੀ ਰਹਿੰਦੇ ਹਨ ਅਤੇ ਉਹ ਵੀ ਆਪਣੇ ਵੱਡੇ ਪੁੱਤਰ ਨਾਲ ਰਹਿੰਦੀ ਹੈ। ਔਰਤ ਨੇ ਦੱਸਿਆ ਕਿ ਉਸਦੀ ਨੂੰਹ ਮਾਇਆ ਰਾਣੀ ਪਤਨੀ ਜੈਪਾਲ ਉਰਫ਼ ਕਾਲੂ ਇੱਕ ਬਿਊਟੀ ਪਾਰਲਰ 'ਚ ਕੰਮ ਕਰਦੀ ਹੈ, ਜਿਸ ਕਾਰਨ ਉਹ ਅਕਸਰ ਲੇਟ ਹੋ ਜਾਂਦੀ ਹੈ ਅਤੇ ਉਹ ਖੁਦ ਵੀ ਮਿਹਨਤ-ਮਜ਼ਦੂਰੀ ਕਰਨ ਜਾਂਦੀ ਹੈ। ਇਸ ਘਰ ਦੀ ਸਿਰਫ਼ ਇੱਕ ਹੀ ਚਾਬੀ ਹੈ ਅਤੇ ਉਹ ਅਕਸਰ ਆਪਣੀ ਨੂੰਹ ਨੂੰ ਕਹਿੰਦੀ ਹੈ ਕਿ ਘਰ ਦੀਆਂ ਦੋ ਚਾਬੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਜਦੋਂ ਉਹ ਸ਼ਾਮ ਨੂੰ ਘਰ ਆਵੇ ਤਾਂ ਉਸਨੂੰ ਗੁਆਂਢੀਆਂ ਦੇ ਘਰ ਬੈਠਣ ਲਈ ਮਜਬੂਰ ਨਾ ਹੋਣਾ ਪਵੇ। ਇਸ ਤੋਂ ਗੁੱਸੇ ਵਿੱਚ ਆ ਕੇ ਬੀਤੀ ਰਾਤ ਉਸਦੇ ਪੁੱਤਰ ਅਤੇ ਨੂੰਹ ਨੇ ਉਸਨੂੰ ਇੱਕ ਕਮਰੇ 'ਚ ਬੰਦ ਕਰ ਦਿੱਤਾ ਅਤੇ ਕੁੱਟਮਾਰ ਕੀਤੀ। ਉਸ ਦਾ ਰੌਲਾ ਸੁਣ ਕੇ, ਗੁਆਂਢੀ ਉਸਦੇ ਘਰ ਪਹੁੰਚੇ ਅਤੇ ਉਸਨੂੰ ਉਸਦੇ ਪੁੱਤਰ ਅਤੇ ਨੂੰਹ ਦੇ ਚੁੰਗਲ ਤੋਂ ਛੁਡਾਇਆ ਅਤੇ ਆਪਣੇ ਘਰ ਲੈ ਗਏ। ਜਦੋਂ ਗੁਆਂਢੀਆਂ ਨੇ ਔਰਤ ਦੇ ਚਿਹਰੇ ਤੋਂ ਖੂਨ ਵਗਦਾ ਦੇਖਿਆ ਤਾਂ ਉਨ੍ਹਾਂ ਨੇ 112 ਹੈਲਪਲਾਈਨ 'ਤੇ ਪੁਲਸ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨੇ ਔਰਤ ਨੂੰ ਹਸਪਤਾਲ 'ਚ ਦਾਖਲ ਕਰਵਾਇਆ। ਦੂਜੇ ਪਾਸੇ, ਸ਼ੀਲਾ ਦੀ ਨੂੰਹ ਮਾਇਆ ਦੇਵੀ, ਜੋ ਹਸਪਤਾਲ 'ਚ ਦਾਖਲ ਹੈ, ਨੇ ਕਿਹਾ ਕਿ ਉਸਦੀ ਸੱਸ ਅਕਸਰ ਗੁਆਂਢੀਆਂ ਦੇ ਪ੍ਰਭਾਵ ਹੇਠ ਉਨ੍ਹਾਂ ਨੂੰ ਪਰੇਸ਼ਾਨ ਕਰਦੀ ਹੈ ਅਤੇ ਇੱਕ ਸਾਲ ਵਿੱਚ ਤਿੰਨ ਪੁਲਸ ਪੰਚਾਇਤਾਂ ਹੋ ਚੁੱਕੀਆਂ ਹਨ। ਗੁਆਂਢੀ ਇਸਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ ਤਾਂ ਜੋ ਉਹ ਇੱਥੋਂ ਛੱਡ ਕੇ ਚਲੇ ਜਾਣ। ਬੀਤੇ ਦਿਨ ਵੀ ਉਸਦੀ ਸੱਸ ਨੇ ਗੁਆਂਢੀਆਂ ਦੇ ਬਹਿਕਾਵੇ ਵਿੱਚ ਆ ਕੇ ਉਸ ਨਾਲ ਕੁੱਟਮਾਰ ਕੀਤੀ ਅਤੇ ਉਸਦੇ ਪਤੀ ਨੇ ਉਸਨੂੰ ਬਚਾਇਆ।

ਬਜ਼ੁਰਗ ਔਰਤ ਨੂੰ ਤੇਜ ਰਫਤਾਰ ਬੱਸ ਨੇ ਕੁਚਲਿਆ, ਇਲਾਜ ਦੌਰਾਨ ਜਖਮਾਂ ਦੀ ਤਾਬ ਨਾ ਸਹਾਰਦਿਆਂ ਤੋੜਿਆ ਦਮ

ਲੁਧਿਆਣਾ 16 ਜਨਵਰੀ। ਟਰਾਂਸਪੋਰਟ ਨਗਰ ਨੇੜੇ ਇਕ ਤੇਜ਼ ਰਫਤਾਰ ਬੱਸ ਨੇ 59 ਸਾਲਾ ਇਕ ਬਜ਼ੁਰਗ ਔਰਤ ਨੂੰ ਟੱਕਰ ਮਾਰ ਦਿੱਤੀ। ਔਰਤ ਨੂੰ ਜਖਮੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ ਜਿੱਥੇ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ। ਜਾਣਕਾਰੀ ਮੁਤਾਬਕ, ਮ੍ਰਿਤਕਾ ਦੀ ਪਛਾਣ ਮੁੰਨੀ ਦੇਵੀ ਮਿਸ਼ਰਾ ਵਾਸੀ ਨਿਊ ਪੁਨੀਤ ਨਗਰ, ਤਾਜਪੁਰ ਰੋਡ ਵਜੋਂ ਹੋਈ ਹੈ। ਸੂਚਨਾ ਮਿਲਣ ਤੋਂ ਬਾਅਦ ਥਾਣਾ ਡਵੀਜ਼ਨ ਨੰ. 3 ਦੀ ਪੁਲਸ ਮੌਕੇ 'ਤੇ ਪੁੱਜੀ। ਮ੍ਰਿਤਕਾ ਦੇ ਪੁੱਤਰ ਅਕਾਸ਼ ਮਿਸ਼ਰਾ ਨੇ ਦੱਸਿਆ ਕਿ ਉਹ ਕਰੀਬ 30 ਸਾਲਾਂ ਤੋਂ ਲੁਧਿਆਣਾ 'ਚ ਰਹਿ ਰਹੇ ਹਨ। ਉਸ ਦੇ ਪਿਤਾ ਇਕ ਹਸਪਤਾਲ 'ਚ ਗਾਰਡ ਦੀ ਨੌਕਰੀ ਕਰਦੇ ਹਨ। ਉਸ ਦੀ ਮਾਂ ਸ਼ਨੀਵਾਰ ਦੁਪਹਿਰ ਨੂੰ ਪਿਤਾ ਲਈ ਚਾਹ ਲੈ ਕੇ ਗਈ ਸੀ। ਘਰ ਵਾਪਸ ਆਉਂਦੇ ਸਮੇਂ ਟਰਾਂਸਪੋਰਟ ਨਗਰ ਨਾਲੇ ਨੇੜੇ ਚੀਮਾ ਚੌਕ ਵੱਲੋਂ ਆ ਰਹੀ

ਇਕ ਤੇਜ਼ ਰਫਤਾਰ ਬੱਸ ਨੇ ਉਸ ਦੀ ਮਾਂ ਨੂੰ ਟੱਕਰ ਮਾਰ ਦਿੱਤੀ। ਟਾਇਰ ਉਸ ਦੀ ਮਾਂ ਦੇ ਉੱਤੋਂ ਦੀ ਲੰਘ ਗਿਆ। ਖੂਨ ਨਾਲ ਲਥਪਥ ਹਾਲਤ 'ਚ ਉਸ ਦੀ ਮਾਂ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਹ ਬਚ ਨਹੀਂ ਸਕੀ। ਇਸ ਸਬੰਧੀ ਜਾਂਚ ਅਧਿਕਾਰੀ ਏ. ਐੱਸ. ਆਈ. ਹਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਮੁੰਨੀ ਮਿਸ਼ਰਾ ਦਾ ਸਿਵਲ ਹਸਪਤਾਲ 'ਚ ਪੋਸਟਮਾਰਟਮ ਕਰਵਾ ਕੇ ਲਾਸ਼ ਨੂੰ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ। ਚਾਲਕ ਬੱਸ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਬੱਸ ਚਾਲਕ ਹਰਵਿੰਦਰ ਸਿੰਘ ਨਿਵਾਸੀ ਪਿੰਡ ਕੋਟ ਕਲਾਂ ਨਾਭਾ, ਪਟਿਆਲਾ ਖਿਲਾਫ

ਪਹਾੜੀ 'ਤੇ ਸਥਿਤ ਮੰਦਰ ਦੀਆਂ ਪੌੜੀਆਂ ਤੋਂ ਉਤਰਦੇ ਸਮੇਂ 25 ਸਾਲਾ ਵਿਅਕਤੀ ਦੀ ਮੌਤ

ਪਾਲਘਰ 16 ਜਨਵਰੀ। ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਦੇ ਤਲਾਸਰੀ ਸਥਿਤ ਮਹਾਲਕਸ਼ਮੀ ਮੰਦਰ ਦੀਆਂ ਪੌੜੀਆਂ ਤੋਂ ਉਤਰਦੇ ਸਮੇਂ 25 ਸਾਲਾ ਵਿਅਕਤੀ ਦੀ ਮੌਤ ਹੋ ਗਈ। ਉਸ ਦੇ ਪਰਿਵਾਰ ਵਾਲਿਆਂ ਅਨੁਸਾਰ ਸਥਾਨਕ ਨਿਵਾਸੀ ਮਿਲਨ ਡੋਮਬੇ ਮੰਗਲਵਾਰ ਨੂੰ 900 ਪੌੜੀਆਂ ਚੜ੍ਹ ਕੇ ਮੰਦਰ ਗਿਆ ਸੀ ਅਤੇ ਦੇਵੀ ਦੇ ਦਰਸ਼ਨ ਕਰ ਕੇ ਪਰਤ ਰਿਹਾ ਸੀ ਅਤੇ ਇਸ ਦੌਰਾਨ ਅਚਾਨਕ ਉਸ ਦੀ ਸਿਹਤ ਵਿਗੜੀ ਅਤੇ ਉਹ ਡਿੱਗ ਗਿਆ। ਉਸ ਨੂੰ ਕਾਸਾ ਗ੍ਰਾਮੀਣ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਦੇ ਪਰਿਵਾਰ ਨੂੰ ਸ਼ੱਕ ਹੈ ਕਿ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋਈ ਹੈ ਪਰ ਹਸਪਤਾਲ ਦੇ ਮੈਡੀਕਲ ਅਧਿਕਾਰੀ ਡਾ. ਹੇਮੰਤ ਬੇਹੇਰੇ ਨੇ ਕਿਹਾ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨ ਦੀ ਪੁਸ਼ਟੀ ਹੋਵੇਗੀ। ਤਲਾਸਰੀ ਸਥਿਤ ਮਹਾਲਕਸ਼ਮੀ ਮੰਦਰ ਇਕ ਲੋਕਪ੍ਰਿਯ ਤੀਰਥ ਸਥਾਨ ਹੈ, ਜਿੱਥੇ ਮੰਗਲਵਾਰ, ਸ਼ੁੱਕਰਵਾਰ ਅਤੇ ਹਫਤਾਵਾਰੀ 'ਚ ਭਾਰੀ ਭੀੜ ਰਹਿੰਦੀ ਹੈ।

ਵਿਅਕਤੀ ਦੀ ਮੌਤ ਦੇ ਮਾਮਲੇ 'ਚ ਘੋੜਾ ਟਰਾਲਾ ਚਾਲਕ 'ਤੇ ਪਰਚਾ ਦਰਜ

ਫਾਜ਼ਿਲਕਾ 16 ਜਨਵਰੀ। ਥਾਣਾ ਸਦਰ ਪੁਲਸ ਨੇ ਟੱਕਰ ਮਾਰਨ ਵਾਲੇ ਅਣਪਛਾਤੇ ਘੋੜਾ ਟਰਾਲਾ ਚਾਲਕ 'ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਬੀਰਬਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਜਰਨੈਲ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਬੰਨਵਾਲਾ ਹਨੂਵੰਤਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸਦਾ ਮੁੰਡਾ ਬਲਵਿੰਦਰ ਸਿੰਘ ਰਾਜ ਕੁਮਾਰ, ਜੋ ਕਿ ਪੁੱਤਰ ਉਮ ਪ੍ਰਕਾਸ਼ ਵਾਸੀ ਫਾਜ਼ਿਲਕਾ ਦੇ ਟੈਂਪੂ 'ਤੇ ਸਬਜੀ ਵੇਚਣ ਦਾ ਕੰਮ ਕਰਦਾ ਹੈ। ਉਹ ਸਬਜੀ ਵੇਚ ਕੇ ਘਰ ਨੂੰ ਆ ਰਹੇ ਸੀ ਤਾਂ ਰਾਤ ਕਰੀਬ 9.30 ਵਜੇ ਅਚਾਨਕ ਟੈਂਪੂ ਖਰਾਬ ਹੋਣ ਕਰਕੇ ਉਨ੍ਹਾਂ ਨੇ ਟੈਂਪੂ ਸੜਕ ਕਿਨਾਰੇ ਦਿੱਤਾ। ਉਹ ਟੈਂਪੂ ਠੀਕ ਕਰ ਰਹੇ ਸੀ ਕਿ ਇਸ ਦੌਰਾਨ ਜਲਾਲਾਬਾਦ ਵੱਲੋਂ ਇੱਕ ਅਣਪਛਾਤੇ ਟਰਾਲਾ ਚਾਲਕ ਨੇ ਬੜੀ ਤੇਜ ਰਫਤਾਰ ਨਾਲ ਲਿਆ ਕੇ ਟਰਾਲਾ ਉਨ੍ਹਾਂ ਦੇ ਟੈਂਪੂ 'ਚ ਮਾਰਿਆ।

ਪੰਜਾਬ ਦੇ ਇਸ ਹੋਟਲ 'ਚ ਚੱਲ ਰਿਹਾ ਸੀ ਦੇਹ ਵਪਾਰ ਦਾ ਧੰਦਾ, ਇਤਰਾਜਯੋਗ ਹਾਲਤ 'ਚ 7 ਕੁੜੀਆਂ ਤੇ 5 ਵਿਅਕਤੀ ਕਾਬੂ

ਅੰਮ੍ਰਿਤਸਰ 16 ਜਨਵਰੀ। ਥਾਣਾ ਸੀ ਡਵੀਜਨ ਅਧੀਨ ਆਉਂਦੇ ਇਲਾਕੇ ਭੱਠੇ ਵਾਲਾ ਬਾਜਾਰ ਵਿਚ ਸਥਿਤ ਹੋਟਲ ਦੀਪ ਹੋਮ ਸਟੇਅ ਵਿਚ ਦੇਹ ਵਪਾਰ ਦਾ ਗੈਰ-ਕਾਨੂੰਨੀ ਕਾਰੋਬਾਰ ਚੱਲ ਰਿਹਾ ਸੀ। ਇੱਥੇ ਹੋਟਲ ਮਾਲਕ, ਮੈਨੇਜਰ ਅਤੇ ਕੁਝ ਦਲਾਲਾਂ ਦੀ ਮਦਦ ਨਾਲ ਜਿਸਮ ਫਿਰੋਸ਼ੀ ਦਾ ਧੰਦਾ ਪੂਰੇ ਜੋਰਾਂ-ਸੋਰਾਂ ਨਾਲ ਚੱਲ ਰਿਹਾ ਸੀ। ਇੱਥੇ ਦਲਾਲ ਕੁੜੀਆਂ ਨੂੰ ਲਿਆਉਂਦੇ ਸਨ ਅਤੇ ਫਿਰ ਗਾਹਕ ਲੱਭ ਕੇ ਉਨ੍ਹਾਂ ਤੋਂ ਦੇਹ ਵਪਾਰ ਦਾ ਧੰਦਾ ਕਰਵਾਉਂਦੇ ਸਨ। ਹਾਲਾਤ ਅਜਿਹੇ ਸਨ ਕਿ ਹੋਟਲ ਮਾਲਕ ਅਤੇ ਮੈਨੇਜਰ ਨੇ ਇੱਥੇ ਨਿਯਮਿਤ ਤੌਰ 'ਤੇ ਆਉਣ ਵਾਲੇ ਗਾਹਕਾਂ ਲਈ ਇਕ ਡਾਇਰੀ ਰੱਖੀ ਹੋਈ ਸੀ, ਜਿਸ 'ਤੇ ਉਨ੍ਹਾਂ ਦੇ ਸਾਰੇ ਖਾਤੇ ਲਿਖੇ ਹੋਏ ਸਨ। ਇਹ ਅਜਿਹੇ ਲੋਕ ਸਨ ਜੋ ਆਪਣੀ ਹਵਸ਼ ਪੂਰੀ ਕਰਨ ਲਈ ਨਿਯਮਿਤ ਤੌਰ 'ਤੇ ਆਉਂਦੇ ਸਨ ਅਤੇ ਦਲਾਲਾਂ ਅਤੇ ਹੋਟਲ ਮਾਲਕਾਂ ਨੇ ਮਿਲ ਕੇ ਉਨ੍ਹਾਂ ਨੂੰ ਕੁੜੀਆਂ ਅਤੇ ਕਮਰੇ ਵੀ ਪ੍ਰਦਾਨ ਕਰਵਾਉਂਦੇ ਸਨ। ਇਸ ਗੈਰ-ਕਾਨੂੰਨੀ ਧੰਦੇ ਦੀ ਸੂਚਨਾ ਮਿਲਣ 'ਤੇ ਥਾਣਾ ਸੀ ਡਵੀਜਨ ਦੀ ਪੁਲਸ ਦੇ ਐੱਸ. ਐੱਚ. ਓ. ਨੀਰਜ ਹਰਕਤ ਵਿਚ ਆਉਂਦੇ ਹਨ ਅਤੇ ਤੁਰੰਤ ਪੁਲਸ ਟੀਮ ਨਾਲ ਹੋਟਲ 'ਤੇ ਛਾਪੇਮਾਰੀ ਕਰਦੇ ਹਨ। ਇਸ ਛਾਪੇਮਾਰੀ ਦੌਰਾਨ, ਹੋਟਲ ਵਿੱਚੋਂ ਦੇਹ ਵਪਾਰ ਧੰਦੇ ਵਿਚ ਸਾਮਲ 7 ਕੁੜੀਆਂ ਨੂੰ ਇਤਰਾਜਯੋਗ ਹਾਲਾਤਾਂ ਸਮੇਤ 5 ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿਚ ਹੋਟਲ ਮਾਲਕ ਜਤਿੰਦਰ ਸਿੰਘ ਵਾਸੀ ਬਾਬਾ ਭੂਰੀ ਵਾਲਾ ਚੌਕ, ਮੈਨੇਜਰ ਜਸਬੀਰ ਸਿੰਘ ਵਾਸੀ ਪਿੰਡ ਗੁਰੂਵਾਲੀ ਤਰਨਤਾਰਨ ਰੋਡ ਤੋਂ ਇਲਾਵਾ ਨਿਰਮਲ ਸਿੰਘ ਵਾਸੀ ਸਹੀਦ ਊਧਮ ਸਿੰਘ ਨਗਰ, ਮਨਦੀਪ ਸਿੰਘ ਵਾਸੀ ਭਾਈ ਮੰਝ ਸਿੰਘ ਰੋਡ ਅਤੇ ਬਾਦਲ ਸਿੰਘ ਵਾਸੀ ਪਿੰਡ ਗੁਰੂਵਾਲੀ ਤਰਨਤਾਰਨ ਰੋਡ ਅੰਮ੍ਰਿਤਸਰ ਆਦਿ ਹਨ। ਪੁਲਸ ਨੇ ਹੋਟਲ ਦੇ ਕਮਰੇ ਵਿੱਚੋਂ ਇਤਰਾਜਯੋਗ ਚੀਜਾਂ ਅਤੇ ਦੇਹ ਵਪਾਰ ਧੰਦੇ ਤੋਂ ਕਮਾਏ 25,000 ਰੁਪਏ ਦੀ ਨਕਦੀ ਬਰਾਮਦ ਕੀਤੀ। ਇੰਸਪੈਕਟਰ ਨੀਰਜ ਕੁਮਾਰ ਨੇ ਦੱਸਿਆ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਛਾਪੇਮਾਰੀ ਦੌਰਾਨ 6 ਅਜਿਹੀਆਂ ਡਾਇਰੀਆਂ ਮਿਲੀਆਂ ਹਨ ਜਿਨ੍ਹਾਂ ਵਿਚ ਗਾਹਕਾਂ ਅਤੇ ਨਿਯਮਿਤ ਤੌਰ 'ਤੇ ਆਉਣ ਵਾਲੀਆਂ ਕੁੜੀਆਂ ਦੇ ਪੈਸਿਆਂ ਦਾ ਪੂਰਾ ਵੇਰਵਾ ਲਿਖਿਆ ਹੋਇਆ ਸੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਹਿਸਾਬ-ਕਿਤਾਬ ਰੱਖਣ ਲਈ ਇਕ ਡਾਇਰੀ ਕਾਫੀ ਹੈ, ਪਰ ਇੱਥੇ ਕੁੱਲ 6 ਡਾਇਰੀਆਂ ਮਿਲੀਆਂ ਹਨ, ਜਿਨ੍ਹਾਂ ਤੋਂ ਆਸਾਨੀ ਨਾਲ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇੱਥੇ ਕਿੰਨੀਆਂ ਕੁੜੀਆਂ ਅਤੇ ਮਰਦ ਹੋਣਗੇ? ਹੁਣ ਇਹ ਦੇਖਣਾ ਬਾਕੀ ਹੈ ਕਿ ਪੁਲਸ ਇਨ੍ਹਾਂ ਡਾਇਰੀਆਂ ਵਿੱਚ ਸਹਿਰ ਦੇ ਕਿਹੜੇ ਨਾਵਾਂ ਦਾ ਖੁਲਾਸਾ ਕਰਦੀ ਹੈ?

ਫਿਲਹਾਲ ਪੁਲਸ ਨੇ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸਿਰਫ 5 ਵਿਅਕਤੀਆਂ ਅਤੇ 7 ਕੁੜੀਆਂ ਦੇ ਨਾਵਾਂ ਦਾ ਖੁਲਾਸਾ ਕੀਤਾ ਹੈ, ਪਰ ਉਕਤ ਹੋਟਲ ਤੋਂ ਬਰਾਮਦ ਹੋਈਆਂ ਡਾਇਰੀਆਂ ਦੀ ਗਿਣਤੀ ਖੁਦ ਦੱਸਦੀ ਹੈ ਕਿ ਜੇਕਰ ਪੁਲਸ ਮਾਮਲੇ ਦੀ ਸਹੀ ਢੰਗ ਨਾਲ ਜਾਂਚ ਕਰਦੀ ਹੈ, ਤਾਂ ਇਸ ਵਿੱਚ ਹੋਰ ਵੀ ਕਈ ਨਾਮ ਸਾਹਮਣੇ ਆਉਣਗੇ। ਇਸ ਦੇ ਨਾਲ ਹੀ, ਸੂਤਰਾਂ ਤੋਂ ਪਤਾ ਚੱਲਦਾ ਹੈ ਕਿ ਪੁਲਸ ਨੇ ਇਲਾਕੇ ਦੇ ਸਿਰਫ ਇੱਕ ਹੋਟਲ ਦੀ ਜਾਂਚ ਕੀਤੀ ਹੈ ਅਤੇ ਇੰਨੀਆਂ ਕੁੜੀਆਂ ਅਤੇ ਲੜਕੇ ਮੁਲਜਮ ਵਜੋਂ ਸਾਹਮਣੇ ਆਏ ਹਨ। ਜੇਕਰ ਪੁਲਸ ਇਲਾਕੇ ਦੇ ਹੋਟਲਾਂ ਦੀ ਜਾਂਚ ਦਾ ਦਾਇਰਾ ਵਧਾਉਂਦੀ ਹੈ, ਤਾਂ ਫਿਰ ਬਹੁਤ ਕੁਝ ਸਾਹਮਣੇ ਆ ਸਕਦਾ ਹੈ। ਜਗ ਬਾਣੀ ਨੇ ਕੁਝ ਦਿਨ ਪਹਿਲਾਂ ਪ੍ਰਕਾਸ਼ਿਤ ਕੀਤੀ ਖਬਰ ਵਿਚ ਖੁਲਾਸਾ ਕੀਤਾ ਸੀ ਕਿ ਸਹਿਰ ਦੇ ਕਈ ਇਲਾਕਿਆਂ ਵਿਚ ਕਈ ਹੋਟਲ ਹਨ, ਜਿੱਥੇ ਦੇਹ ਵਪਾਰ ਦਾ ਧੰਦਾ ਜੋਰਾਂ-ਸੋਰਾਂ ਨਾਲ ਚੱਲ ਰਿਹਾ ਹੈ। ਥਾਣਾ ਏ ਡਵੀਜਨ, ਬੀ ਡਵੀਜਨ, ਸੀ ਡਵੀਜਨ, ਡੀ ਡਵੀਜਨ ਅਤੇ ਈ ਡਵੀਜਨ ਤੋਂ ਇਲਾਵਾ, ਨੇੜਲੇ ਇਲਾਕਿਆਂ ਵਿਚ ਬਹੁਤ ਸਾਰੇ ਅਜਿਹੇ ਹੋਟਲ ਹਨ ਜੋ ਕਿ ਅੰਦਰਖਾਤੇ ਕੁੜੀਆਂ ਪਰੋਸਣ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਹੋਟਲ ਹਨ ਜੋ ਗਾਹਕਾਂ ਨੂੰ ਘੰਟੇ ਦੇ ਕਿਰਾਏ 'ਤੇ ਕਮਰੇ ਦਿੰਦੇ ਹਨ। ਅਜਿਹੇ ਲੋਕਾਂ ਤੋਂ ਕਿਸੇ ਵੀ ਤਰ੍ਹਾਂ ਦੀ ਕੋਈ ਪਛਾਣ ਪੱਤਰ ਨਹੀਂ ਲਿਆ ਜਾਂਦਾ। ਜੇਕਰ ਪੁਲਸ ਇਲਾਕਿਆਂ ਦੇ ਹਿਸਾਬ ਨਾਲ ਹੋਟਲਾਂ 'ਤੇ ਛਾਪੇਮਾਰੀ ਕਰਦੀ ਹੈ ਤਾਂ ਕਈ ਵੱਡੇ ਖੁਲਾਸੇ ਹੋ ਸਕਦੇ ਹਨ।

ਨਸ਼ਾ ਤਸਕਰ ਅਤੇ 8 ਜੁਆਰੀਆਂ ਨੂੰ ਕੀਤਾ ਗ੍ਰਿਫਤਾਰ

ਚੰਡੀਗੜ੍ਹ 16 ਜਨਵਰੀ। ਨਸ਼ਾ ਸਪਲਾਈ ਕਰਨ ਵਾਲੇ ਟੈਕਸੀ ਚਾਲਕ

ਅਤੇ ਸੈਕਟਰ-47 ਦੇ ਪਾਰਕ 'ਚ ਜੂਆ ਖੇਡਣ ਵਾਲਿਆਂ ਨੂੰ ਜ਼ਿਲ੍ਹਾ ਕ੍ਰਾਈਮ ਸੈੱਲ ਦੀ ਟੀਮ ਨੇ ਵੱਖ-ਵੱਖ ਸੈਕਟਰਾਂ 'ਚ ਛਾਪੇਮਾਰੀ ਕਰ ਕੇ ਕਾਬੂ ਕੀਤਾ। ਪੁਲਸ ਨੇ ਟੈਕਸੀ ਚਾਲਕ ਮੋਹਾਲੀ ਵਾਸੀ ਕੁਬੇਰਇੰਦਰ ਸਿੰਘ ਕੋਲੋਂ 20.13 ਗ੍ਰਾਮ ਹੈਰੋਇਨ ਅਤੇ ਜੁਆਰੀ ਸੁਰਿੰਦਰ ਸਿੰਘ ਵਾਸੀ ਬੁੜੈਲ, ਰਵੀ ਕੁਮਾਰ ਵਾਸੀ ਸੈਕਟਰ-51, ਸੰਜੀਤ ਸਿੰਘ ਵਾਸੀ ਖਰੜ, ਮਨੋਜ ਕੁਮਾਰ ਵਾਸੀ ਸੈਕਟਰ-52, ਧਰਮਪਾਲ ਵਾਸੀ ਸੈਕਟਰ-47, ਉਮੇਸ਼, ਥਾਮਸ ਤੇ ਸੈਕਟਰ-41 ਦੇ ਰਹਿਣ ਵਾਲੇ ਅਵਤਾਰ ਸਿੰਘ ਕੋਲੋਂ 68 ਹਜ਼ਾਰ 20 ਰੁਪਏ ਬਰਾਮਦ ਕੀਤੇ। ਜ਼ਿਲ੍ਹਾ ਕਰਾਈਮ ਸੈੱਲ ਨੇ ਹੈਰੋਇਨ ਤੇ ਨਕਦੀ ਜ਼ਬਤ ਕਰ ਕੇ ਐੱਨ. ਡੀ. ਪੀ. ਐੱਸ. ਤੇ ਗੈਂਬਲਿੰਗ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਜੁਆਰੀਆਂ ਨੂੰ ਜ਼ਮਾਨਤ ਦੇ ਦਿੱਤੀ, ਜਦੋਂ ਕਿ ਜ਼ਿਲ੍ਹਾ ਅਦਾਲਤ ਨੇ ਨਸ਼ਾ ਤਸਕਰ ਨੂੰ 14 ਦਿਨਾਂ ਲਈ ਨਿਆਇਕ ਹਿਰਾਸਤ 'ਚ ਭੇਜ ਦਿੱਤਾ। ਜ਼ਿਲ੍ਹਾ ਕ੍ਰਾਈਮ ਸੈੱਲ ਦੇ ਇੰਚਾਰਜ ਜਸਮਿੰਦਰ ਸਿੰਘ ਨੂੰ ਸੂਚਨਾ ਮਿਲੀ ਕਿ ਇਕ ਨੌਜਵਾਨ ਟੈਕਸੀ ਦੀ ਆੜ 'ਚ ਨਸ਼ੇ ਦੀ ਸਪਲਾਈ ਕਰਦਾ ਹੈ। ਪੁਲਸ ਨੇ ਮੁਲਜ਼ਮ ਨੂੰ ਫੜਨ ਲਈ ਵਿਸ਼ੇਸ਼ ਟੀਮ ਬਣਾਈ। ਪੁਲਸ ਟੀਮ ਨੇ ਸੈਕਟਰ-52 ਦੇ ਬਿਜਲੀ ਘਰ ਨੇੜੇ ਨਾਕਾ ਲਾਇਆ। ਟੀਮ ਨੂੰ ਸਾਹਮਣੇ ਤੋਂ ਆਲਟੋ ਸਵਾਰ ਇਕ ਨੌਜਵਾਨ ਬੈਗ ਲੈ ਕੇ ਕਾਰ 'ਚੋਂ ਉਤਰਦਾ ਦਿਖਾਈ ਦਿੱਤਾ। ਪੁਲਸ ਟੀਮ ਨੇ ਕਾਰ ਚਾਲਕ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਮੁਲਜ਼ਮ ਮੋਹਾਲੀ ਵਾਸੀ ਕੁਬੇਰਇੰਦਰ ਸਿੰਘ ਕੋਲੋਂ 20.13 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਮੁਲਜ਼ਮ ਟੈਕਸੀ ਰਾਹੀਂ ਨਸ਼ਾ ਵੇਚਦਾ ਸੀ। ਜ਼ਿਲ੍ਹਾ ਕ੍ਰਾਈਮ ਸੈੱਲ ਨੇ ਹੈਰੋਇਨ ਬਰਾਮਦ ਕਰ ਕੇ ਟੈਕਸੀ ਡਰਾਈਵਰ 'ਤੇ ਸੈਕਟਰ-36 ਥਾਣੇ 'ਚ ਮਾਮਲਾ ਦਰਜ ਕਰਵਾਇਆ। ਜ਼ਿਲ੍ਹਾ ਕ੍ਰਾਈਮ ਸੈੱਲ ਦੀ ਇਕ ਹੋਰ ਟੀਮ ਨੇ ਸੈਕਟਰ-47 ਦੇ ਪਾਰਕ 'ਚ ਛਾਪਾ ਮਾਰ ਕੇ ਜੂਆ ਖੇਡ ਰਹੇ 8 ਵਿਅਕਤੀਆਂ ਨੂੰ ਕਾਬੂ ਕੀਤਾ।

ਦਿਨ ਦਿਹਾੜੇ ਮਹਿਲਾ ਤੋਂ ਮੋਬਾਈਲ ਅਤੇ ਨਕਦੀ ਖੋਹੀ

ਭੀਖੀ 16 ਜਨਵਰੀ। ਸਥਾਨਕ ਬੈਂਕ ਵਾਲੀ ਗਲੀ ਵਿਚੋਂ ਇਕ ਔਰਤ ਕੋਲੋਂ ਦਿਨ ਦਿਹਾੜੇ ਮੋਬਾਇਲ ਅਤੇ ਨਕਦੀ ਖੋਹੇ ਜਾਣ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਰਨਾਲਾ ਰੋਡ ਨਿਵਾਸੀ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਉਸਦੀ ਪਤਨੀ ਨੀਤੂ ਬਾਲਾ ਇਕ ਧਾਰਮਿਕ ਸਮਾਰੋਹ ਤੋਂ ਵਾਪਸ ਘਰ ਪਰਤ ਰਹੀ ਸੀ ਤਾਂ ਬੈਂਕ ਵਾਲੀ ਗਲੀ ਵਿਚ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਵਲੋਂ ਉਸਦੇ ਹੱਥ ਵਿਚ ਫੜਿਆ ਲਿਫਾਫਾ ਖੋਹ ਲਿਆ ਗਿਆ ਜਿਸ ਵਿਚ ਇਕ ਮੋਬਾਈਲ ਅਤੇ ਕੁਝ ਨਕਦੀ ਸੀ। ਉਨਾਂ ਦੱਸਿਆ ਕਿ ਇਸ ਸਬੰਧੀ 112 ਹੈਲਪਲਾਇਨ 'ਤੇ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ ਜਿਸ ਤੋਂ ਬਾਅਦ ਪੁਲਿਸ ਵਲੋਂ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ। ਸ਼ਹਿਰਵਾਸੀਆਂ ਦਾ ਕਹਿਣਾ ਹੈ ਕਿ ਸ਼ਹਿਰ ਅੰਦਰ ਲੁੱਟ ਖੋਹ ਦੀਆਂ ਵਾਰਦਾਤਾਂ ਹੁਣ ਆਮ ਹੋ ਗਈਆਂ ਹਨ ਅਤੇ ਲੁਟੇਰੇ ਬੇਖੌਫ ਹੋ ਕੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਅਨਸਰਾਂ ਦੀ ਪਹਿਚਾਣ ਕਰਕੇ ਸਖਤੀ ਨਾਲ ਨਜਿੱਠਿਆ ਜਾਵੇ। ਇਸ ਸਬੰਧੀ ਜਦੋਂ ਸਬ-ਇੰਸਪੈਕਟਰ ਗੁਰਿੰਦਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਮਾਮਲੇ ਦੀ ਜਾਂਚ ਵਿਚ ਜੁੱਟ ਗਈ ਹੈ ਅਤੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਜਲਦੀ ਹੀ ਦੋਸ਼ੀਆਂ ਦੀ ਪਹਿਚਾਣ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਨਾਕਾ ਦੇਖ ਲੱਗਾ ਭੱਜਣ ਤਾਂ ਪੁਲਸ ਨੇ ਕੀਤਾ ਪਿੱਛਾ, ਹੈਰੋਇਨ ਸਣੇ ਚੜ੍ਹਿਆ ਅੜਿੱਕੇ

ਮੋਗਾ 16 ਜਨਵਰੀ। ਪੰਜਾਬ ਪੁਲਸ ਵੱਲੋਂ ਨਸਾ ਤਸਕਰਾਂ ਖ਼ਿਲਾਫ ਲਗਾਤਾਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਇਸੇ ਦੌਰਾਨ ਇੱਕ ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਮੋਗਾ ਪੁਲਸ ਨੇ ਬੱਸ ਸਟੈਂਡ ਨੂਰਪੁਰ ਹਕੀਮਾ ਤੋਂ ਇੱਕ ਨਸਾ ਤਸਕਰ ਨੂੰ 148 ਗ੍ਰਾਮ ਹੈਰੋਇਨ ਅਤੇ ਇੱਕ ਬਾਈਕ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਜਦੋਂ ਉਹ ਪਿੰਡ ਭੋਡੀ ਵਾਲਾ ਤੋਂ ਨਸਾ ਵੇਚਣ ਆਇਆ ਸੀ ਤਾਂ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਉਸ ਦਾ ਪਿੱਛਾ ਕਰਨਾ ਸੁਰੂ ਕਰ ਦਿੱਤਾ। ਨਾਕਾ ਦੇਖ ਕੇ ਉਸ ਨੇ ਆਪਣਾ ਮੋਟਰਸਾਈਕਲ ਭਜਾਉਣ ਲੱਗਾ ਤਾਂ ਪੁਲਸ ਨੇ ਉਸ ਨੂੰ ਦਬੋਚ ਲਿਆ। ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ.ਆਈ. ਲਵਦੀਪ ਸਿੰਘ ਗਿੱਲ ਨੇ ਦੱਸਿਆ ਕਿ ਡੀ.ਜੀ.ਪੀ. ਪੰਜਾਬ ਤੇ ਐੱਸ.ਐੱਸ.ਪੀ. ਮੋਗਾ ਦੇ ਨਿਰਦੇਸਾਂ ਤਹਿਤ, ਨਸੇ ਦੇ ਕੋਹੜ ਨੂੰ ਖਤਮ ਕਰਨ ਲਈ ਮੋਗਾ ਪੁਲਸ ਨਸਾ ਤਸਕਰਾਂ ਖ਼ਿਲਾਫ ਲਗਾਤਾਰ ਸ਼ਿਕੰਜਾ ਕੱਸ ਰਹੀ ਹੈ। ਇਸੇ ਤਹਿਤ ਨੂਰਪੁਰ ਹਕੀਮਾ ਨੇੜੇ ਨਾਕਾਬੰਦੀ ਦੌਰਾਨ ਇੱਕ ਬਾਈਕ

ਸਵਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਸੀ, ਪਰ ਉਸ ਨੇ ਰੁਕਣ ਦੀ ਬਜਾਏ ਫਰਾਰ ਹੋਣ ਦੀ ਕੋਸ਼ਿਸ਼ ਕੀਤੀ। ਜਦੋਂ ਪੁਲਸ ਨੇ ਉਸ ਦਾ ਪਿੱਛਾ ਕੀਤਾ ਤਾਂ ਉਸ ਦੇ ਮੋਟਰਸਾਈਕਲ ਦਾ ਸੰਤੁਲਨ ਵਿਗੜ ਗਿਆ ਤੇ ਉਹ ਡਿੱਗ ਗਿਆ, ਜਿਸ ਮਗਰੋਂ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਉਸ ਦੀ ਪਛਾਣ ਤਰਸੇਮ ਸਿੰਘ ਉਰਫ ਸੇਮਾ, ਵਾਸੀ ਪਿੰਡ ਭੋਡੀ ਵਾਲਾ ਵਜੋਂ ਹੋਈ ਹੈ। ਭੱਜਦੇ ਸਮੇਂ ਉਸ ਨੇ ਇਕ ਬੈਗ ਸੁੱਟਿਆ ਸੀ, ਜਿਸ ਦੀ ਬਾਅਦ 'ਚ ਤਲਾਸ਼ੀ ਲਈ ਗਈ ਤਾਂ ਉਸ 'ਚੋਂ 148 ਗ੍ਰਾਮ ਹੈਰੋਇਨ ਬਰਾਮਦ ਹੋਈ। ਮੁਲਜਮ ਨੂੰ ਬਾਈਕ ਸਣੇ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਖ਼ਿਲਾਫ ਧਰਮਕੋਟ ਪੁਲਸ ਸਟੇਸਨ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਲੋਹੜੀ ਵਾਲੇ ਦਿਨ ਸੋਹਣੇ-ਸੁਣੱਖੇ ਮੁੰਡੇ

ਕਹਾਣੀ

ਜ਼ਿੰਮੇਵਰੀਆਂ

-ਜਿਓਤਿਰਮੌਇ ਦੇਵੀ

ਬੜਾ ਭਰਿਆ ਪੂਰਾ ਪਰਿਵਾਰ ਸੀ। ਚੰਗਾ ਘਰ ਬਾਰ ਸੀ। ਸਭ ਖੁਸ਼ੀਆਂ ਸਨ। ਚਾਰ ਪੁੱਤ, ਦੋ ਧੀਆਂ ਤੇ ਉਨ੍ਹਾਂ ਦੇ ਸੁਖੀ-ਸਾਂਦੀ ਵਸਦੇ ਪਰਿਵਾਰ। ਚਾਰੇ ਪੁੱਤ ਚੰਗੇ ਮਾਣ ਵਾਲੇ ਆਹੁਦਿਆਂ 'ਤੇ ਸਨ। ਸਭ ਤੋਂ ਵੱਡਾ ਕਾਲਜ 'ਚ ਅਧਿਆਪਕ ਸੀ, ਉਸ ਤੋਂ ਛੋਟਾ ਡਾਕਟਰ ਤੇ ਛੋਟੇ ਦੋਵੇਂ ਵਕੀਲ। ਘਰ ਵੀ ਬੜਾ ਸਾਂਵਾ ਚਲਦਾ ਸੀ। ਕਦੇ ਕਦਾਈਂ ਕਿਸੇ ਗੱਲੋਂ ਮਾੜਾ-ਮਾਟਾ ਬੋਲ ਬੁਲਾਰਾ ਵੀ ਹੋ ਜਾਂਦਾ ਪਰ ਰਾਤ ਗਈ ਤੇ ਬਾਤ ਗਈ ਵਾਂਗ ਮਾਹੌਲ ਫੇਰ ਆਪੇ ਹੀ ਠੀਕ ਹੋ ਜਾਂਦਾ। ਉਂਜ ਇਕ ਹੋਰ ਮਾਮਲਾ ਜ਼ਰੂਰ ਸੀ ਜਿਸ ਤੋਂ ਬੋਲ-ਬੁਲਾਰਾ ਬਹੁਤ ਹੁੰਦਾ ਸੀ। ਮਾਮਲੇ ਦਾ ਕਾਰਨ ਸੀ ਘਰ ਦੇ ਵੱਡੇ ਪ੍ਰੋਫੈਸਰ ਪੁੱਤ ਦਾ ਮਾਂ ਮਹਿੱਟਰ ਮੁੰਡਾ, ਜੋਗੀ। ਮੁੰਡੇ ਦੀ ਦਾਦੀ ਨੇ ਮਾਂ ਦੀ ਥਾਂ ਪੂਰਦਿਆਂ ਉਸ ਨੂੰ ਕੁਝ ਹੱਦ ਤੱਕ ਵਿਗਾੜ ਹੀ ਦਿੱਤਾ ਸੀ। ਹੁਣ ਜੋਗੀ ਘਰ ਵਿਚ ਹਰ ਪੰਗੇ ਦੀ ਜੜ੍ਹ ਹੁੰਦਾ ਤੇ ਦਾਦੀ ਉਸ ਦਾ ਪੱਖ ਪੂਰਦੀ । ਸਭ ਨੂੰ ਪਤਾ ਸੀ ਕਿ ਘਰ ਦੀ ਮਾਂ ਦਾ ਜ਼ਿਆਦਾ ਝੁਕਾਅ ਆਪਣੇ ਇਸ ਪੋਤੇ ਵੱਲ ਸੀ।

ਕੋਈ ਵੀ ਘਰ ਔਕੜਾਂ ਜਾਂ ਝੇੜਿਆਂ-ਝਗੜਿਆਂ ਤੋਂ ਪੂਰੀ ਤਰ੍ਹਾਂ ਮੁਕਤ ਤਾਂ ਹੋ ਹੀ ਨਹੀਂ ਸਕਦਾ। ਝਗੜੇ ਦਾ ਸਭ ਤੋਂ ਵੱਡਾ ਆਧਾਰ ਬਣਦੇ ਸਨ ਮਹੀਨੇ ਦੇ ਬਿੱਲ। ਬਿਜਲੀ,ਪਾਣੀ, ਰਾਸ਼ਨ ਤੇ ਹੋਰ ਸਾਮਾਨ ਦੇ ਬਿਲ। ਕਈ ਵਾਰ ਤਾਂ ਕਰਿਆਨੇ ਦੇ, ਧੋਬੀ ਦੇ, ਦੋਧੀ ਦੇ, ਮੁਨਿਆਰੀ ਦੇ ਬਿੱਲ ਅਦਾ ਨਾ ਹੁੰਦੇ ਜਾਂ ਫੇਰ ਕਿਤਾਬਾਂ-ਕਾਪੀਆਂ ਦੇ ਬਿੱਲਾਂ ਦੀ ਅਦਾਇਗੀ ਰੁਕ ਜਾਂਦੀ। ਘਰ ਦੀਆਂ ਤਿੰਨ ਨੂੰਹਾਂ ਸਨ ਤੇ ਉਨ੍ਹਾਂ ਦੇ ਪਤੀਆਂ ਦੇ ਨਾਵਾਂ 'ਤੇ ਖਾਤੇ ਚਲਦੇ ਸਨ। ਦੁਕਾਨਾਂ ਵਾਲੇ, ਕੰਮਾਂ ਵਾਲੇ ਬਿੱਲ ਲੈ ਕੇ ਆਉਂਦੇ। ਕਈ ਵਾਰ ਗਰਮਾ-ਗਰਮੀ ਵੀ ਹੁੰਦੀ, ਕੁਝ ਅਦਾਇਗੀ ਹੁੰਦੀ, ਕੁਝ ਅੱਗੇ ਪੈ ਜਾਂਦੇ। ਇਵੇਂ ਹੀ ਇਕ ਵਾਰ ਤਕੜੀ ਗਰਮਾ-ਗਰਮਾ ਹੋ ਗਈ। ਵੱਡਾ ਪੁੱਤਰ ਮਾਂ ਨਾਲ ਉਲਝ ਗਿਆ,' ਪਿਛਲੇ ਸਾਲ ਤਾਂ ਹਾਲੇ ਤਲਾਈਆਂ ਭਰਵਾਈਆਂ ਸਨ ਮਾਂ, ਇਸ ਵਾਰ ਨਵੀਂ ਤਲਾਈ ਦੀ ਕੀ ਲੋੜ ?' ਗੱਲ ਅਜੇ ਪੂਰੀ ਨਹੀਂ ਹੋਈ ਸੀ ਕਿ ਘਰ ਦੇ ਹੋਰ ਪੁੱਤਰ ਵੀ ਆ ਡਟੇ। ਸਾਰੇ ਹੀ ਵਧ-ਵਧ ਕੇ ਬੋਲਣ ਲੱਗ ਪਏ। ਮਾਤਾ ਨੇ ਸੋਚਿਆ ਕਿ ਉਨ੍ਹਾਂ ਨੂੰ ਕੀ ਦੱਸੇ ਕਿ ਉਸ ਦੇ ਹੋਰ ਪੋਤੇ-ਪੋਤੀਆਂ ਲਈ ਹੁਣ ਵੱਖਰੇ ਬਿਸਤਰਿਆਂ ਦੀ ਲੋੜ ਸੀ ਪਰ ਉਹ ਚੁੱਪ ਹੀ ਕਰ ਗਈ। 'ਤੂੰ ਜੋਗੀ ਨੂੰ ਸਿਰ ਚਾੜ੍ਹੀ-ਜਾਨੀ ਏ,'' ਡਾਕਟਰ ਪੁੱਤਰ ਮਾਂ ਨਾਲ ਖਹਿਬੜ ਰਿਹਾ ਸੀ, 'ਪਿਛਲੇ ਮਹੀਨੇ ਨਵੀਂ ਰਜ਼ਾਈ ਭਰਵਾਈ ਸੀ ਤੇ ਹੁਣ ਤਲਾਈ ਤਾਂ ਉਸ ਦੇ ਫਰਜ਼ੰਦ ਲਈ ਸੀ, ਪ੍ਰੋਫੈਸਰ ਸਾਹਿਬ ਗਰਜ ਪਏ, 'ਦਰਜੀ ਦਾ ਬਿੱਲ ਦੇਖੋ ਅਸਮਾਨੀਂ ਚੜ੍ਹਿਆ ਪਿਐ, ਦੋਧੀ ਦਾ ਵੀ ਘੱਟ ਨਹੀਂ। ਹਰ ਮਹੀਨੇ ਸਾਰੇ ਹੀ ਬਿਲ ਵਧੀ ਜਾਂਦੇ ਨੇ, ਵਧੀ ਜਾਂਦੇ ਨੇ।' ਵੱਡੇ ਵਕੀਲ ਪੁੱਤ ਨੇ ਮੋਰਚਾ ਸਾਂਭਿਆ, 'ਇਸ ਤੋਂ ਪਹਿਲਾਂ ਕਿ ਗੱਲ ਹੱਥੋਂ ਨਿਕਲ ਜਾਵੇ, ਕੁਝ ਸੋਚਣਾ ਚਾਹੀਦਾ ਏ।'

ਮਾਤਾ ਤਾਂ ਇਸ ਗੱਲੋਂ ਵੀ ਪਸੀਨੇ ਨਾਲ ਤਰ ਹੋਈ ਜਾਂਦੀ ਸੀ ਕਿ ਨੂੰਹਾਂ ਨਾ ਸੁਣ ਲੈਣ ਕਿ ਉਸ ਦੇ ਪੁੱਤਰ ਕੀ ਗੱਲਾਂ ਪਏ ਕਰਦੇ ਸਨ। ਉਹ ਬੋਲੀ, 'ਦੇਖੋ, ਪਿਛਲੇ ਮਹੀਨੇ ਕੁਝ ਖਰਚਾ ਵੱਧਣਾ ਹੀ ਸੀ। ਤੁਹਾਡੀਆਂ ਭੈਣਾਂ ਆਈਆਂ ਘਰ ਦੇ ਜਵਾਈ ਆਏ ਤੇ ਉਨ੍ਹਾਂ ਨੂੰ ਕੋਈ ਖਾਲੀ ਹੱਥੀ ਤਾਂ ਨਹੀਂ ਨਾ ਤੋਰ ਦਿੰਦਾ। ਫੇਰ ਤੁਹਾਡੇ ਦੋ ਭਰਾਵਾਂ ਦੇ ਜਨਮ ਦਿਨ ਵੀ ਸਨ ਕਿਉਂ ਐਡਾ ਚੀਕ-ਚਿਹਾੜਾ ਪਾਉਂਦੇ ?''ਛੋਟੇ ਵਕੀਲ ਸਾਹਿਬ ਨੇ ਸਮਾਂ ਮੁਨਾਸਿਬ ਸਮਝਦਿਆਂ ਮੂੰਹ ਖੋਲ੍ਹਿਆ,''ਤੇ ਉਸ ਤੋਂ ਪਿਛਲੇ ਮਹੀਨੇ ? ਉਦੋ ਖਰਚਾ ਕਿਉਂ ਵੱਧਿਆ। ਮਾਤਾ ਨੇ ਸਿਰਫ ਇੰਨਾ ਹੀ ਕਿਹਾ ਕਿ ਉਸੇ ਮਹੀਨੇ ਤੋਂ ਬਿਜਲੀ, ਪਾਣੀ ਦੇ ਬਿੱਲਾਂ ਦੀਆਂ ਦਰਾਂ ਵਧੀਆਂ ਸਨ ਤੇ ਦਾਲਾਂ ਤੇ ਭਾਅ ਵੀ।'' ਉਹ ਇਹ ਕਿਵੇਂ ਕਹਿੰਦੀ ਕਿ ਛੋਟੇ ਵਕੀਲ ਸਾਹਿਬ ਦੀ ਪਤਨੀ ਦੇ ਪੇਕਿਓਂ ਚਾਰ ਜੀਆਂ ਦੀ ਧਾੜ ਵੀ ਉਸ ਮਹੀਨੇ ਆਈ ਸੀ। ਤੇ ਨਾਲੇ ਇਹ ਕਹਿੰਦਿਆਂ ਮਾਤਾ ਦੀ ਜ਼ੁਬਾਨ ਨਾ ਸੜ ਜਾਏ। ਕਿ ਘਰ ਦੇ ਬੱਚੇ ਵੱਡੇ ਹੋ ਰਹੇ ਸਨ ਤੇ ਖਰਚਾ ਵੱਧ ਰਿਹਾ ਸੀ। ਉਹ ਪੋਤੇ-ਪੋਤੀਆਂ ਤੋਲਣਾ ਤਾਂ ਸੋਚ ਵੀ ਨਹੀਂ ਸੀ ਸਕਦੀ। ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਤਾਂ ਮਤਾ ਦਾ ਮਾਣ ਸਨ, ਉਸ ਦੀਆਂ ਕਈ ਖੱਟੀਆਂ-ਮਿੱਠੀਆਂ ਯਾਦਾਂ ਦੇ ਮੁਜੱਸਮੇ। ਵੱਡੇ ਵਕੀਲ ਸਾਹਿਬ ਅੰਤਲੀ ਦਲੀਲ ਦੇ ਰਹੇ ਸਨ, 'ਸਚਾਈ ਤਾਂ ਇਹ ਹੈ ਕਿ ਇਥੇ ਕਿਸੇ ਨੂੰ ਪੈਸੇ ਦੀ ਕਦਰ ਹੀ ਕੋਈ ਨਹੀਂ।'' ਮਾਂ ਸਿਰਫ ਫਿੱਕਾ ਜਿਹਾ ਮੁਸਕਰਾਈ। ਉਹ ਤਾਂ ਸੋਚ ਹੀ ਕੁਝ ਹੋਰ ਰਹੀ ਸੀ। ਏਨੇ ਨੂੰ ਇਕ ਹੋਰ ਬਾਣ ਆ ਗਿਆ, ''ਜਿੱਥੋਂ ਤੱਕ ਜੋਗੀ ਦਾ ਸਵਾਲ ਹੈ, ਤੁਹਾਨੂੰ ਪਤਾ ਕੀ ਹੈ ਕਿ ਮੈਂ ਨੇ ਉਹਨੂੰ ਪੜ੍ਹਨ-ਲਿਖਣ ਜੋਗਾ ਵੀ ਨਹੀਂ ਛੱਡਿਆ।'' ਮਾਤਾ ਕੁਰਲਾ ਉਠੀ, ''ਨਹੀਂ! ਇੰਜ ਨਾ ਕਹੋ ਪੁੱਤਰੋ, ਮੇਰੇ ਪੋਤੇ ਬਾਰੇ!'' ਜੋਗੀ ਦਾ ਪ੍ਰੋਫੈਸਰ ਪਿਤਾ ਵਿਚੋਂ ਹੀ ਬੋਲਿਆ,''ਸਾਹਮਣੇ ਹੀ ਤਾਂ ਹੈ ਕਿਵੇਂ ਬੋਕ ਵਾਂਗ ਵਧੀ ਜਾਂਦੈ, ਖਾਣ-ਪੀਣ ਤੋਂ ਇਲਾਵਾ ਕੀ ਕੰਮ ਹੈ ਉਹਨੂੰ !''

ਇਹ ਗੱਲ ਤਾਂ ਮਾਤਾ ਬਰਦਾਸ਼ਤੋਂ ਪਰ੍ਹੇ ਦੀਆਂ ਸਨ। ਜੋਗੀ ਚੰਗਾ ਖਾਣ ਦਾ ਸ਼ੌਕੀਨ ਸੀ ਤੇ ਦਾਦੀ ਉਸ ਮਾਂ-ਮਹਿੱਟਰ ਦੀ ਇਹ ਇੱਛਾ ਵੀ ਪੂਰੀ ਨਾ ਕਰਦੀ ? ਮੁੰਡੇ ਨੂੰ ਕਿੰਨਾ ਕੁਝ ਸੁਣਨਾ ਪੈਂਦਾ ਸੀ ਤੇ ਹੁਣ ਦਾਦੀ ਨੂੰ ਸੁਣਨਾ ਪੈ ਰਿਹਾ ਸੀ। ਮਾਤਾ ਦੇ ਲੱਠਾਂ ਵਰਗੇ ਕਮਾਊ ਪੁੱਤ ਕੁਝ ਹੋਰ ਚਿਰ ਕਮਾਈ ਦੀਆਂ, ਖਰਚੇ ਦੀਆਂ ਤੇ

ਬੱਚਿਆਂ ਦੀਆਂ ਲੋੜਾਂ ਦੀਆਂ, ਫਜ਼ੂਲ ਜਿਹੀਆਂ ਗੱਲਾਂ ਕਰਦੇ ਰਹੇ। ਮਾਤਾ ਤਾਂ ਮਾਲਾ ਫੇਰਨ ਲੱਗ ਪਈ ਸੀ। ਉਹ ਕਿੰਨਾ ਚਿਰ ਹੋਰ ਸਭ ਕੁਝ ਸਕਦੀ ਸੀ! ਦੋ ਨੂੰਹਾਂ ਵੀ ਜੋਗੀ ਵਿਰੁੱਧ ਬੁੜ ਬੁੜ ਕਰ ਰਹੀਆਂ ਸਨ ਪਰ ਵੱਡੇ ਵਕੀਲ ਦੀ ਪਤਨੀ ਜੋਗੀ ਖਿਲਾਫ ਕੁਝ ਨਹੀਂ ਸੀ ਬੋਲਦੀ। ਸ਼ਾਇਦ ਇਸ ਕਰਕੇ ਕਿ ਉਹਦੇ ਆਪਣੇ ਪੇਕੇ ਘਰ ਉਹਦੀ ਮਾਂ ਉਸ ਦੇ ਮਾਂ-ਵਾਹਰੇ ਭਤੀਜੇ ਨੂੰ ਸਾਂਭਦੀ ਸੀ। ਦਿਨ ਬੀਤਦੇ ਗਏ। ਮਾਤਾ ਦੀ ਉਮਰ ਤਾਂ ਬਹੁਤੀ ਨਹੀਂ ਸੀ ਪਰ ਮਾੜੀ ਸਿਹਤ ਤੇ ਦਿਨੋ-ਦਿਨ ਘਰ ਦੇ ਮਾੜੇ ਹੁੰਦੇ ਜਾਂਦੇ ਹਾਲਾਤ ਨੇ ਉਹਨੂੰ ਬਹੁਤ ਥਕਾ ਦਿੱਤਾ ਸੀ। ਉਹ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਹੌਲੀ ਹੌਲੀ ਛੱਡਦੀ ਗਈ ਅਤੇ ਬਹੁਤਾ ਸਮਾਂ ਪਾਠ-ਪੂਜਾ ਵਿਚ ਹੀ ਲਾਉਣ ਲੱਗ ਪਈ। ਹਾਂ, ਸ਼ਾਮ ਵੇਲੇ ਪੋਤੇ-ਪੋਤੀਆਂ ਨਾਲ ਬੈਠਣਾ, ਖੇਡਣਾ ਤੇ ਬਾਤਾਂ ਪਾਉਣੀਆਂ ਕਦੇ ਵੀ ਨਾ ਛੱਡ ਸਕੀ। ਸਾਲਾਂ ਤੋਂ ਜਿਹੜਾ ਘਰ ਉਹਨੇ ਮਿਹਨਤ ਨਾਲ ਪੋਟਾ ਪੋਟਾ ਕਰ ਕੇ ਸੰਭਾਲਿਆ ਸੀ, ਨੂੰਹਾਂ ਹਵਾਲੇ ਕਰ ਦਿੱਤਾ। ਤੇ ਨੂੰਹਾਂ ਨੂੰ ਘਰ ਸੰਭਾਲਣ ਵਿਚ ਮਾਤਾ ਦੀ ਸਲਾਹ ਕਿੱਥੇ ਚਾਹੀਦੀ ਸੀ ? ਖੈਰ! ਮਾਤਾ ਤਾਂ ਵੀ ਸੰਤੁਸ਼ਟ ਸੀ। ਜ਼ਿੰਮੇਵਾਰੀਆਂ ਇਕ ਪੀੜ੍ਹੀ ਤੋਂ ਸਰਕ ਕੇ ਅਗਲੀ ਪੀੜ੍ਹੀ 'ਤੇ ਜਾ ਪਈਆਂ ਸਨ। ਤੇ ਘਰ ਸਾਵਾਂ ਚੱਲ ਰਿਹਾ ਸੀ।

ਜ਼ਿੰਮੇਵਾਰੀਆਂ ਤੋਂ ਪਿੱਛੇ ਹੱਟਣ ਨਾਲ ਮਾਤਾ ਅਚਾਨਕ ਫੇਰ ਘਰ ਦੀ ਸਿਹਤ ਕਿਵੇਂ ਹੈ ? ਕੀ ਉਸ ਦੇ ਦਿਨ ਪੁੱਗ ਗਏ ਹਨ ? ਫਿਰ ਹਰ ਕੋਈ ਮਾਤਾ ਬਾਰੇ ਚਿੰਤਤ ਹੋਣ ਲੱਗੇ। ਠੀਕ ਹੈ ਕਿ ਪੁੱਤ ਵੱਡੇ ਹੋ ਗਏ ਸਨ ਤੇ ਕਿਸੇ ਨੂੰ ਵੀ ਮਾਤਾ ਦੀ ਬਹੁਤੀ ਲੋੜ ਨਹੀਂ ਸੀ ਰਹਿ ਗਈ ਪਰ ਇਸ ਨਾਲ ਮਾਂ ਪ੍ਰਤੀ ਉਨ੍ਹਾਂ ਦਾ ਪਿਆਰ ਤੇ ਭਾਵਨਾ ਤਾਂ ਨਹੀਂ ਸੀ ਨਾ ਘੱਟ ਸਕਦੀ। ਨੂੰਹਾਂ-ਪੁੱਤ ਤਹਿ ਦਿਲੋਂ ਮਾਂ ਦਾ ਧਿਆਨ ਕਰਨ ਲੱਗ ਸਨ ਤੇ ਜੋਗੀ ਦਾ ਵੀ! ਮਾਤਾ ਉਠਦੀ, ਬਹਿੰਦੀ, ਮੰਜੇ 'ਤੇ ਪਈ ਨਿੰਮਾ-ਨਿੰਮਾ ਮੁਸਕਰਾਂਦੀ ਰਹਿੰਦੀ ਤੇ ਕਹੀ ਜਾਂਦੀ, 'ਮੈਂ ਠੀਕ ਹਾਂ ਬੱਚਾ, ਮੈਨੂੰ ਕੁਝ ਨਹੀਂ ਚਾਹੀਦਾ। ਤੁਸੀ ਹੋ ਤੇ ਮੇਰੇ ਕੋਲ ਸਭ ਕੁਝ ਹੈ।' ਉਹਨੂੰ ਤਸੱਲੀ ਸੀ ਕਿ ਚਾਚੀਆਂ ਹੁਣ ਜੋਗੀ ਦਾ ਪੂਰਾ ਖਿਆਲ ਰੱਖਦੀਆ ਸਨ, ਖਾਸਕਰ ਵਿਚਕਾਰਲੀ ਚਾਚੀ। ਇਕ ਦਿਨ ਡਾਕਟਰ ਪੁੱਤ ਨੇ ਆਪਣੀ ਪਤਨੀ ਨੂੰ ਹਰਖ ਕੇ ਕਿਹਾ,'ਤੈਨੂੰ ਪਤੈ ਮਾਂ ਨੂੰ ਕਿੰਨੇ ਹੀ ਦਿਨਾਂ ਤੋਂ ਬੁਖਾਰ ਏ ? ਉਹ ਵਿਚਾਰੀ ਆਪਣੇ ਪਤੀ ਤੋਂ ਇਹੋ ਜਿਹੀ ਝਿੜਕ ਦੀ ਆਸ ਨਹੀਂ ਸੀ ਰੱਖਦੀ। ਘਬਰਾ ਕੇ ਬੋਲੀ, 'ਮੈਨੂੰ ਕਿਵੇਂ ਪਤਾ ਲਗਦਾ ? ਉਹ ਤਾਂ ਰੋਜ਼ ਨਹਾਉਂਦੇ ਨੇ, ਪਾਠ-ਪੂਜਾ 'ਤੇ ਬੈਠਦੇ ਨੇ। ਹਾਂ, ਰੋਟੀ ਜ਼ਰੂਰ ਕੁਝ ਦਿਨਾਂ ਤੋਂ ਘਟਾ ਦਿੱਤੀ ਏ।

ਜੋਗੀ ਨੇ ਵੀ ਅੱਜ ਸਵੇਰੇ ਈ ਮੈਨੂੰ ਕਿਹਾ ਸੀ ਕਿ ਮਾਤਾ ਕੁਝ ਠੀਕ ਨਹੀ।' 'ਤੂੰ ਕਿੰਨੀ ਲਾਪ੍ਰਵਾਹ ਏਂ। ਮੈਂ ਹੀ ਮਾਂ ਕੋਲ ਜਾਨਾ।'' ਡਾਕਟਰ ਸਾਹਿਬ ਮਾਂ ਦੇ ਕਮਰੇ ਵੱਲ ਭੱਜ ਨਿਕਲੇ ਤੇ ਫੇਰ ਚਾਰੇ ਭਰਾ, ਮਾਂ ਦੇ ਸਿਰਹਾਣੇ ਜਾ ਖੜ੍ਹੇ ਹੋਏ । ਮਾਤਾ ਅੱਖਾਂ ਮੀਚੀ ਪਈ ਸੀ, ਸ਼ਾਂਤ-ਚਿੱਤ। ਜੋਗੀ ਦਾਦੀ ਦੀਆਂ ਪੁੜਪੁੜੀਆਂ ਝੱਸ ਰਿਹਾ ਸੀ। ਪ੍ਰੋਫੈਸਰ ਨੇ ਮਾਂ ਦਾ ਮੱਥਾ ਟੋਹਿਆ। ਡਾਕਟਰ ਨੇ ਫਿਕਰਮੰਦੀ ਦਰਸਾਈ,'' ਮਾਂ ਨੂੰ ਤਾਂ ਬੜਾ ਤਾਪ ਚੜ੍ਹਿਐ।'' ਪਰ ਮਾਤਾ ਇੰਨੇ ਕੁ ਬੁਖਾਰ ਨੂੰ ਕੀ ਸਮਝਦੀ ਸੀ।'' ਨਹੀਂ, ਨਹੀਂ ਮੈਨੂੰ ਬੁਖਾਰ ਤਾਂ ਕੋਈ ਨਹੀਂ ਐਵੇਂ ਜ਼ਰਾ ਕੁ ਦਰਦਾ ਨੇ। ਮੈਂ ਤਾਂ ਹੀ ਸਵੇਰ ਤੋਂ ਉੱਠੀ ਈ ਨਹੀਂ, ਐਵੇਂ ਕਿਉਂ ਫਿਕਰ ਕਰਦੇ ਓ ?'' ਉਹਨੇ ਸਾਰਿਆਂ ਨੂੰ ਚਿੰਤਾਮੁਕਤ ਕਰਨ ਲਈ ਕਿਹਾ। ਸ਼ਾਮ ਤੱਕ ਮਾਤਾ ਬੇਹੋਸ਼ ਹੀ ਹੋ ਗਈ, ਅੱਖਾਂ ਹੀ ਨਾ ਖੋਲ੍ਹੇ। ਅਗਲੇ ਤਿੰਨ ਦਿਨਾਂ ਵਿਚ ਕਮਰਾ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ, ਟੀਕਿਆਂ ਤੇ ਉਨ੍ਹਾਂ ਦੀ ਗੰਧ ਨਾਲ ਭਰ ਗਿਆ। ਉੱਡੇ ਮੂੰਹਾਂ ਵਾਲੇ ਪੁੱਤ ਕਮਰੇ ਦੇ ਅੰਦਰ ਬਾਹਰ ਹੋਈ ਜਾਂਦੇ। ਨੂੰਹਾਂ ਦੇ ਵੀ ਜਿਹੋਂ ਹੋਸ਼ ਉੱਡ ਗਏ ਸਨ।'' ਮਾਂ ਨੇ ਦਵਾਈ ਲਈ ? ਮਾਂ ਨੇ ਦੁੱਧ ਪੀਤਾ ? ਮਾਂ ਨੇ ਰਸ ਪੀਤਾ ? '' ਸਵਾਲ ਬੱਸ ਇਹੋ ਜਿਹੇ ਹੀ ਹੋ ਕੇ ਰਹਿ ਗਏ। ਖਰਚੇ, ਦਵਾਈਆਂ ਡਾਕਟਰਾਂ ਦਾ ਕੋਈ ਅੰਤ ਨਾ ਰਿਹਾ। ਮਾਤਾ ਨੂੰ ਬਚਾਉਣ ਦੀ ਮੁਹਿੰਮ ਛਿੜ ਗਈ। ਧੀਆਂ ਵੀ ਆ ਕੇ ਮਾਂ ਦੇ ਗੋਡੇ-ਮੁੱਢ ਲੱਗ ਗਈਆਂ। ਦੁਖੀ ਤਾਂ ਸਾਰੇ ਸਨ ਪਰ ਜੋਗੀ ਦਾ ਦੁੱਖ ਕੋਈ ਨਹੀਂ ਸੀ ਜਾਣਦਾ। ਰਾਤ ਨੂੰ ਸਾਰੇ ਸੌਂ ਜਾਂਦੇ, ਪਰ ਜੋਗੀ ਦਾਦੀ ਦੇ ਕੋਲ ਹੀ ਮੰਜੇ 'ਤੇ ਸਿਰ ਸੁੱਟੀ ਬੈਠਾ ਰਹਿੰਦਾ। ਬੇਹੋਸ਼, ਸੁੱਧ -ਬੁੱਧ ਤੋਂ ਸੱਖਣੀ ਮਾਤਾ ਰਾਤ ਵੇਲੇ ਅਚਨਚੇਤ ਜੋਗੀ ਦਾ ਮੱਥਾ ਪਲੋਸਦੀ ਤੇ ਕਦੇ-ਕਦੇ ਕੁਝ ਕਹਿੰਦੀ ਵੀ, ਪਰ ਨਾਲ ਦੀ ਨਾਲ ਫਿਰ ਨੀਂਦੇ ਸੌਂ ਜਾਂਦੀ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਜਦੋਂ ਘਰ ਹੁੰਦੇ ਤਾਂ ਮਾਤਾ ਦੇ ਕਮਰੇ ਵਿਚ ਹੀ ਬੈਠੇ ਰਹਿੰਦੇ। ਪ੍ਰੋਫੈਸਰ, ਡਾਕਟਰ ਤੇ ਵਕੀਲ ਪੁੱਤ ਬਚਪਨ ਦੀਆਂ ਗੱਲਾਂ ਕਰਦੇ। ਮਾਂ ਦੀ ਘਾਲਣਾ ਯਾਦ ਕਰਦੇ। ਨੂੰਹਾਂ ਛੋਟੀ ਛੋਟੀ ਗੱਲੋਂ ਮਾਂ ਦਾ ਵਿਰੋਧ ਕਰਨ ਦੀਆਂ ਗੱਲਾਂ ਨੂੰ ਯਾਦ ਕਰਕੇ ਆਪਣੀ ਗਲਤੀ 'ਤੇ ਝੁਰਦੀਆਂ। ਪੋਤੇ-ਪੋਤੀਆਂ ਕੰਧਾਂ ਕੌਲਿਆਂ ਪਿੱਛੇ ਖੜ੍ਹ ਕੇ ਰੋ ਲੈਂਦੇ। ਜੋਗੀ ਦਾ ਦੁੱਖ ਤਾਂ ਉਸ ਦੇ ਅੰਗ-ਅੰਗ ਵਿਚੋਂ ਛਲਕਦਾ ਸੀ। ਤੇ ਫੇਰ ਮਾਤਾ ਚਲਾਣਾ ਕਰ ਗਈ। ਪਰਿਵਾਰ ਦੀਆਂ ਧੀਆਂ ਵੱਲੋਂ ਚੌਥੇ ਦਿਨ ਦਿੱਤੀ ਗਈ ਸ਼ਰਧਾਜਲੀ ਮਗਰੋਂ ਉਠਾਲਾ ਹੋ ਗਿਆ। ਹੁਣ ਚਾਰੇ ਪੁੱਤਰਾਂ ਨੇ ਮਾਂ ਨੂੰ ਵਿਦਾਇਗੀ ਦੇਣ ਲਈ ਸ਼ਰਾਧ ਕਰਨਾ ਸੀ। ਉਨ੍ਹਾਂ ਮਾਂ ਦੇ ਅਗਲੇ ਸਫਰ ਲਈ ਸਾਮਾਨ ਢੋਣਾ ਸੀ। ਨਵੇਂ ਬਿਸਤਰੇ, ਤਲਾਈਆਂ, ਰਜਾਈਆਂ, ਰੇਸ਼ਮੀ ਸਿਰ੍ਹਾਣੇ, ਭਾਂਡੇ ਤੇ ਕਿੰਨਾ ਕੁਝ ਹੀ ਕੁਝ ਨਵਾਂ ਇਕੱਠਾ ਹੋਇਆ। ਦੂਰੋਂ-ਪਾਰੋਂ ਸਾਰੇ ਰਿਸ਼ਤੇਦਾਰ ਘਰ ਵਿਚ ਇਕੱਠੇ ਹੋ ਰਹੇ ਸਨ। ਮਾਤਾ ਦੇ ਸਭ ਤੋਂ ਨੇੜਲੇ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਕਿੱਥੇ ਸੀ ? ਉਹ ਨਾ ਖਾਂਦਾ, ਨਾ ਦਿਸਦਾ ਸਭ ਤੋਂ ਛੋਟਾ ਚਾਚਾ ਕਦੇ ਉਹਨੂੰ ਲੱਭਦਾ ਤੇ ਬੁਲਾ ਕੇ ਰੋਟੀ ਖਵਾਉਂਦਾ। ਮੁੰਡਾ ਪੀਲਾ ਭੂਕ ਵਰਗਾ ਹੋਇਆ ਪਿਆ ਸੀ। ਚਿੱਟੇ ਪਰ ਮੈਲੇ ਕੱਪੜੇ, ਵਾਲ ਖਿੰਡੇ ਹੋਏ। ਉਹ ਡਡਰਿਆਂ ਵਾਂਗ ਝਾਕਦਾ ਜਿਵੇਂ ਕਿਸੇ ਹੋਰ ਗ੍ਰਹਿ ਤੋਂ ਆਇਆ ਹੋਵੇ। ਸ਼ਰਾਧ ਦਾ ਦਿਨ ਵੀ ਆ ਗਿਆ। ਘਰ ਨੂੰ ਨਵੀਂ ਜਿਹੀ ਦਿੱਖ ਦਿੱਤੀ ਗਈ। ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਭਜਨ ਮੰਡਲੀਆਂ ਨੇ ਆਪੋ-ਆਪਣੀਆਂ ਥਾਵਾਂ ਸਾਂਭ ਲਈਆਂ। ਪ੍ਰੋਫੈਸਰ ਨੇ ਜੋਗੀ ਨੂੰ ਸੱਦਿਆ, 'ਕਿਥੇ ਸੀ ? ਇੱਥੇ ਆ ਬੈਠ ਇੱਥੇ ?'' ਮੁੰਡੇ ਨੇ ਹੈਰਾਨੀ ਜਿਹੀ 'ਚ ਪੁੱਛਿਆ, ''ਕਿਉਂ, ਮੈਂ ਇਥੇ ਕੀ ਕਰਨੈ ? 'ਤੂੰ ਆਪਣੀ ਦਾਦੀ ਲਈ ਇਹ ਸਾਰਾ ਸਾਮਾਨ ਦਾਨ ਕਰਨਾ ਏ ? 'ਦਾਨ ? ਕਿਹਨੂੰ ?'' 'ਤੂੰ ਚੁੱਪ ਕਰ ਕੇ ਬੈਠ ਜਾ ਇਥੇ ਆਕੇ !''

ਜੋਗੀ ਚੁਪਚਾਪ ਬੈਠ ਗਿਆ ਤੇ ਫੇਰ ਪੰਡਿਤ ਦੇ ਪਿੱਛੇ ਪਿੱਛੇ ਮੰਤਰ ਵੀ ਬੋਲਣ ਲੱਗ ਪਿਆ। ਮੰਤਰ ਬੋਲਦਿਆਂ ਬੋਲਦਿਆਂ ਉਸ ਦਾ ਸਬਰ ਟੁੱਟ ਗਿਆ। ਉਸ ਨੇ ਉੱਚੀ ਸਾਰੀ ਲੋਰ ਮਾਰੀ। 'ਹਾਏ ਦਾਦੀ! ਤੂੰ ਕਿਉਂ ਤੁਰ ਗਈ ਦਾਦੀ! ਇਨ੍ਹਾਂ ਪਖੰਡੀਆਂ ਤੇਰੇ ਜਿਉਂਦੇ ਜੀਅ ਬਿਸਤਰਿਆਂ ਤੇ ਭਾਂਡਿਆਂ ਦੀ ਖਾਤਰ ਹੀ ਤੈਨੂੰ ਭੰਡਿਆ ਸੀ।'' ਹੋਰ ਪੋਤੇ ਪੋਤਰੀਆਂ ਵੀ ਆਪ

ਮੋਦੀ ਵੱਲੋਂ ਜਲ ਸੈਨਾ ਦੇ ਦੋ ਜੰਗੀ ਸਮੁੰਦਰੀ ਜਹਾਜ਼ ਤੇ ਇਕ ਪਣਡੁੱਬੀ ਰਾਸ਼ਟਰ ਨੂੰ ਸਮਰਪਿਤ

ਮੁੰਬਈ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਸਮੁੰਦਰੀ ਫ਼ੌਜ ਦੇ ਤਿੰਨ ਜੰਗੀ ਸਮੁੰਦਰੀ ਜਹਾਜ਼ INS ਸੂਰਤ, INS ਨੀਲਗਿਰੀ ਅਤੇ INS ਵਾਘਸ਼ੀਰ ਨੂੰ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਇੱਥੇ ਜਲ ਸੈਨਾ ਡੌਕਯਾਰਡ ਵਿਖੇ ਕਮਿਸ਼ਨ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਇਨ੍ਹਾਂ ਨੂੰ ਰਾਸ਼ਟਰ ਨੂੰ ਸਮਰਪਿਤ ਕਰਨ ਦੀ ਰਸਮੀ ਨਿਭਾਈ।

ਪ੍ਰਧਾਨ ਮੰਤਰੀ ਮੋਦੀ ਨੇ ਮੰਗਲਵਾਰ ਨੂੰ ਇਸ ਸਬੰਧੀ X 'ਤੇ ਇੱਕ ਪੋਸਟ ਵਿੱਚ ਕਿਹਾ, "ਤਿੰਨ ਮੋਹਰੀ ਜਲ ਸੈਨਾ ਲੜਾਕੂ ਜਹਾਜ਼ਾਂ ਦੀ ਕਮਿਸ਼ਨਿੰਗ ਦੇਸ਼ ਦੇ ਰੱਖਿਆ ਦੇ ਮਾਮਲੇ ਵਿੱਚ ਇੱਕ ਆਲਮੀ ਲੀਡਰ ਬਣਨ ਦੇ ਯਤਨਾਂ ਨੂੰ ਮਜ਼ਬੂਤ ਕਰੇਗਾ ਅਤੇ ਸਵੈ-ਨਿਰਭਰਤਾ ਵੱਲ ਇਸਦੀ ਤਾਕਤ ਨੂੰ ਵਧਾਏਗਾ।

ਸਮੁੰਦਰੀ ਫ਼ੌਜ ਨੇ ਇਸ ਕਾਰਵਾਈ ਨੂੰ ਇੱਕ ਇਤਿਹਾਸਕ ਮੌਕਾ ਕਰਾਰ ਦਿੱਤਾ ਹੈ। ਇਨ੍ਹਾਂ ਜਹਾਜ਼ਾਂ ਦੀ ਕਮਿਸ਼ਨਿੰਗ ਭਾਰਤ ਦੀ ਰੱਖਿਆ ਸਵੈ-ਨਿਰਭਰਤਾ ਅਤੇ ਸਵਦੇਸ਼ੀ ਜਹਾਜ਼ ਨਿਰਮਾਣ ਸਮਰੱਥਾਵਾਂ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਗ਼ੌਰਤਲਬ ਹੈ ਕਿ ਤਿੰਨੋਂ ਪਲੇਟਫਾਰਮ ਪੂਰੀ ਤਰ੍ਹਾਂ ਭਾਰਤ ਵਿੱਚ ਡਿਜ਼ਾਈਨ ਕੀਤੇ ਅਤੇ ਬਣਾਏ ਗਏ ਹਨ, ਜੋ ਕਿ ਰੱਖਿਆ ਉਤਪਾਦਨ ਵਿੱਚ ਦੇਸ਼ ਦੀ ਵਧ ਰਹੀ ਮੁਹਾਰਤ ਦਾ ਵੀ ਉੱਘੜਵਾਂ ਝਲਕਾਰਾ ਹੈ। ਅਧਿਕਾਰੀਆਂ ਅਨੁਸਾਰ ਇਹ ਲੜਾਕੂ ਜਹਾਜ਼ ਵਿਆਪਕ ਅਜ਼ਮਾਇਸ਼ਾਂ ਵਿੱਚੋਂ ਲੰਘੇ ਹਨ ਅਤੇ ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਹਨ, ਜੋ ਜਲ

ਸੈਨਾ ਦੀ ਸਮੁੰਦਰੀ ਤਾਕਤ ਨੂੰ ਵਧਾਉਣ ਲਈ ਤਿਆਰ ਹਨ।

ਇਸ ਮੌਕੇ ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਇੱਕ ਵੱਡੀ ਸਮੁੰਦਰੀ ਤਾਕਤ ਬਣ ਰਿਹਾ ਹੈ ਅਤੇ ਦੁਨੀਆ ਵਿੱਚ ਇੱਕ ਭਰੋਸੇਮੰਦ ਤੇ ਜ਼ਿੰਮੇਵਾਰ ਭਾਈਵਾਲ ਵਜੋਂ ਮਾਨਤਾ ਹਾਸਲ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਬੁੱਧਵਾਰ ਨੂੰ ਪਹਿਲੀ ਵਾਰ ਇੱਕ ਡਿਸਟ੍ਰਾਇਰ/ਤਬਾਹਕਾਰੀ, ਇੱਕ ਫ੍ਰੀਗੇਟ ਅਤੇ ਇੱਕ ਪਣਡੁੱਬੀ ਨੂੰ ਇਕੱਠਿਆਂ ਕਮਿਸ਼ਨ ਕੀਤਾ ਗਿਆ ਹੈ ਅਤੇ ਇਹ ਤਿੰਨੋਂ 'ਮੇਡ ਇਨ ਇੰਡੀਆ' ਹਨ।

ਉਨ੍ਹਾਂ ਕਿਹਾ ਕਿ 'ਆਤਮਨਿਰਭਰ ਭਾਰਤ' ਪਹਿਲਕਦਮੀ ਨੇ ਦੇਸ਼ ਨੂੰ ਮਜ਼ਬੂਤ ??ਅਤੇ ਸਵੈ-ਨਿਰਭਰ ਬਣਾਇਆ ਹੈ। ਉਨ੍ਹਾਂ ਕਿਹਾ, ਸਾਨੂੰ ਸਮੁੰਦਰ ਨੂੰ ਨਸ਼ਿਆਂ, ਹਥਿਆਰਾਂ ਅਤੇ ਅੱਤਵਾਦ ਤੋਂ ਮਹਿਫੂਜ਼ ਕਰਨ ਅਤੇ ਇਸ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਵਿੱਚ ਇੱਕ ਵਿਸ਼ਵਵਿਆਪੀ ਭਾਈਵਾਲ ਬਣਨਾ ਚਾਹੀਦਾ ਹੈ। ਭਾਰਤ ਇੱਕ ਵੱਡੀ ਸਮੁੰਦਰੀ ਸ਼ਕਤੀ ਬਣ ਰਿਹਾ ਹੈ ਅਤੇ ਇੱਕ ਭਰੋਸੇਮੰਦ ਅਤੇ ਜ਼ਿੰਮੇਵਾਰ ਭਾਈਵਾਲ ਵਜੋਂ ਮਾਨਤਾ ਹਾਸਲ ਕਰ ਰਿਹਾ ਹੈ।

ਗ਼ੌਰਤਲਬ ਹੈ ਕਿ ਇਨ੍ਹਾਂ ਵਿਚੋਂ ਨੀਲਗਿਰੀ ਪ੍ਰੋਜੈਕਟ 171 ਸਟੀਲਥ ਫ੍ਰੀਗੇਟ (ਜੰਗੀ ਜਹਾਜ਼) ਵਰਗ 171 ਦਾ ਮੁੱਖ ਜਹਾਜ਼ ਜਹਾਜ਼ ਹੈ। ਇਸੇ ਤਰ੍ਹਾਂ ਸੂਰਤ ਪ੍ਰੋਜੈਕਟ 152 ਸਟੀਲਥ ਡਿਸਟ੍ਰਾਇਰ ਕਲਾਸ ਦਾ ਚੌਥਾ ਅਤੇ ਆਖਰੀ ਜਹਾਜ਼ ਹੈ, ਜੋ ਕੋਲਕਾਤਾ-ਕਲਾਸ ਡਿਸਟ੍ਰਾਇਰਾਂ ਦੀ ਅਗਲੀ ਕੜੀ ਹੈ। ਦੂਜੇ ਪਾਸੇ INS ਵਾਘਸ਼ੀਰ ਸਕਾਰਪੀਨ-ਕਲਾਸ ਪ੍ਰੋਜੈਕਟ 75 ਦੇ ਅਧੀਨ ਛੇਵੀਂ ਅਤੇ ਆਖਰੀ ਪਣਡੁੱਬੀ ਹੈ।

ਪੁਲਿਸ ਵੱਲੋਂ ਡੱਲੇਵਾਲ ਨੂੰ ਚੁੱਕਣ ਦੀ ਤਿਆਰੀ ਹਰਿਆਣਾ ਵਾਲੇ ਪਾਸੇ ਪੁਲਿਸ ਦਾ ਵੱਡਾ ਜਮਾਵੜਾ

ਪਾਤੜਾਂ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ 51 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਇਲਾਜ ਲਈ ਚੁੱਕਣ ਵਾਸਤੇ ਪੁਲਿਸ ਵੱਲੋਂ ਕਿਸੇ ਵੀ ਸਮੇਂ ਕਾਰਵਾਈ ਨੂੰ ਅੰਜਾਮ ਦਿੱਤੇ ਜਾਣ ਦੀਆਂ ਚਰਚਾਵਾਂ ਸਿਖਰਾਂ 'ਤੇ ਚੱਲ ਰਹੀਆਂ ਹਨ। ਇਸ ਸਬੰਧ ਵਿਚ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਤਹਿਤ ਸਵੇਰ ਤੋਂ ਹੀ ਪੁਲਿਸ ਦਾ ਜਮਾਵੜਾ ਹੋਣਾ ਸ਼ੁਰੂ ਹੋ ਗਿਆ ਹੈ। ਢਾਬੀ ਗੁੱਜਰਾਂ ਬਾਰਡਰ ਅਤੇ ਹਰਿਆਣਾ ਦੇ ਬੈਰੀਕੇਡਿੰਗ ਵਿਚਾਲੇ ਹਰਿਆਣਾ ਦੀ ਖਾਲੀ ਪਈ ਥਾਂ ਉਤੇ ਹਰਿਆਣਾ ਪੁਲੀਸ ਵੱਲੋਂ ਹੋਰ ਸੁਰੱਖਿਆ

ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਹਰਿਆਣਾ ਵਾਲੇ ਪਾਸੇ ਵੱਡੀ ਗਿਣਤੀ 'ਚ ਤਾਇਨਾਤ ਸੁਰੱਖਿਆ ਮੁਲਾਜ਼ਮ।

ਬਲਾਂ ਤਾਇਨਾਤ ਕੀਤੇ ਗਏ ਹਨ।

ਦੂਜੇ ਪਾਸੇ ਇਸ ਦੇ ਟਾਕਰੇ ਲਈ ਕਿਸਾਨਾਂ ਆਗੂਆਂ ਵੱਲੋਂ ਵੀ ਕਿਸਾਨਾਂ ਤੇ ਆਮ ਲੋਕਾਂ ਨੂੰ ਇਕੱਠੇ ਹੋਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਗ਼ੌਰਤਲਬ ਹੈ ਕਿ ਉਕਤ ਬਾਰਡਰ 'ਤੇ ਕਿਸਾਨਾਂ ਨੇ ਪਹਿਲਾਂ ਹੀ ਮਜ਼ਬੂਤ ਕਿਲ੍ਹੇਬੰਦੀ ਕਰਨ ਤੋਂ ਇਲਾਵਾ ਪਦਾਰਥ ਖੇੜਾ ਨੂੰ ਜਾਂਦੀ ਸੜਕ ਤੋਂ ਥੋੜ੍ਹਾ ਜਿਹਾ ਅੱਗੇ ਟਰਾਲੀਆਂ ਲਾ ਕੇ ਪੱਕੇ ਤੌਰ 'ਤੇ ਸਟੇਜ ਵੱਲ ਜਾਣ ਵਾਲੇ ਵਾਹਨ ਰੋਕ ਦਿੱਤੇ ਗਏ ਹਨ ਅਤੇ ਸਟੇਜ ਵੱਲ ਜਾਣ ਵਾਲੇ ਹਰ ਵਿਅਕਤੀ ਉੱਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ।

ਆਬਕਾਰੀ ਤੇ ਕਰ ਵਿਭਾਗ ਪਟਿਆਲਾ ਵੱਲੋਂ ਜੀਐਸਟੀ ਜਗਰੂਕਤਾ ਕੈਂਪ

ਸਪੈਸ਼ਲ ਸਰਵੇ ਦੌਰਾਨ ਅਣ-ਰਜਿਸਟਰ ਵਪਾਰੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਓਣ: ਰਮਨਪ੍ਰੀਤ ਕੌਰ ਧਾਲੀਵਾਲ

ਆਬਕਾਰੀ ਅਤੇ ਕਰ ਵਿਭਾਗ, ਪਟਿਆਲਾ (ਰਾਜਪੁਰਾ ਸਬ-ਦਫਤਰ) ਵੱਲੋਂ ਰੋਟਰੀ ਕਲੱਬ, ਰਾਜਪੁਰਾ ਵਿਖੇ ਲਗਾਏ ਗਏ ਜਾਗਰੂਕਤਾ ਕੈਂਪ ਦੀਆਂ ਤਸਵੀਰਾਂ।

ਰਾਜਪੁਰਾ/ਪਟਿਆਲਾ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜੀਐਸਟੀ ਨਾਲ ਸਬੰਧਤ ਮਹੱਤਵਪੂਰਨ ਵਿਸ਼ਿਆਂ ਟੈਕਸ ਦੀ ਅਦਾਇਗੀ ਅਤੇ ਜੀਐਸਟੀ ਦੀ ਐਮਨੈਸਟੀ ਸਕੀਮ ਬਾਰੇ ਜਰੂਰੀ ਜਾਣਕਾਰੀ ਅਤੇ ਪਾਲਣਾ ਕਰਵਾਉਣ ਦੇ ਮਕਸਦ ਨਾਲ ਆਬਕਾਰੀ ਅਤੇ ਕਰ ਵਿਭਾਗ, ਪਟਿਆਲਾ (ਰਾਜਪੁਰਾ ਸਬ-ਦਫਤਰ) ਨੇ ਅੱਜ ਰੋਟਰੀ ਕਲੱਬ, ਰਾਜਪੁਰਾ ਵਿਖੇ ਇੱਕ ਜਾਗਰੂਕਤਾ ਕੈਂਪ ਲਗਾਇਆ।

ਇਸ ਮੌਕੇ ਆਬਕਾਰੀ ਅਤੇ ਕਰ ਵਿਭਾਗ, ਪਟਿਆਲਾ ਦੇ ਡਿਪਟੀ ਕਮਿਸ਼ਨਰ ਆਫ਼ ਸਟੇਟ ਟੈਕਸ ਰਮਨਪ੍ਰੀਤ ਕੌਰ ਧਾਲੀਵਾਲ ਨੇ ਕਿਹਾ ਕਿ ਆਬਕਾਰੀ ਤੇ ਕਰ ਵਿਭਾਗ ਪੰਜਾਬ ਵੱਲੋਂ ਅਣ-ਰਜਿਸਟਰ ਡੀਲਰਾਂ ਨੂੰ ਰਜਿਸਟਰ ਕਰਨ ਲਈ 10 ਜਨਵਰੀ ਤੋਂ ਚਲਾਇਆ ਜਾ ਰਿਹਾ ਸਪੈਸ਼ਲ ਸਰਵੇ 10 ਫਰਵਰੀ ਤੱਕ ਚੱਲੇਗਾ, ਇਸ ਵਿੱਚ ਵੱਧ ਤੋ ਵੱਧ ਰਜਿਸਟ੍ਰੇਸ਼ਨਾ ਕਰਵਾਈ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਸਹਾਇਕ ਕਮਿਸ਼ਨਰ ਆਫ਼ ਸਟੇਟ ਟੈਕਸ, ਪਟਿਆਲਾ ਮਿਸ ਕਨੂ ਗਰਗ, ਆਬਕਾਰੀ ਤੇ ਕਰ ਅਫ਼ਸਰ ਸਰਬਜੀਤ ਸਿੰਘ ਅਤੇ ਆਬਕਾਰੀ ਤੇ ਕਰ ਨਿਰੀਖਕ ਪ੍ਰਿਯੰਕਾ ਗੋਇਲ, ਜਰਨੈਲ ਸਿੰਘ ਅਤੇ ਮੋਹਨ ਸਿੰਘ ਨੇ ਵੀ ਸ਼ਿਰਕਤ ਕਰਕੇ ਕਾਰੋਬਾਰੀਆਂ ਨੂੰ ਦਰਪੇਸ਼ ਵੱਖ-ਵੱਖ ਮਸਲਿਆਂ 'ਤੇ ਚਰਚਾ ਕੀਤੀ।

ਕਨੂ ਗਰਗ ਨੇ ਦੱਸਿਆ ਕਿ ਅੱਜ ਵੱਖ-ਵੱਖ ਖੇਤਰਾਂ ਜਿਵੇਂ ਕਿ ਪੰਜਾਬ ਰਾਜ ਵਿਕਾਸ ਟੈਕਸ (ਪੀਐਸਡੀਟੀ) ਜਿਸ ਵਿੱਚ ਅਧਿਕਾਰੀਆਂ ਨੇ ਵਧੇਰੇ ਰਜਿਸਟ੍ਰੇਸ਼ਨਾਂ ਅਤੇ ਟੈਕਸ ਭੁਗਤਾਨ ਪਾਲਣਾ ਤੇ ਧਿਆਨ ਕੇਂਦਰਿਤ ਕੀਤਾ। ਗ਼ੈਰ-ਰਜਿਸਟਰਡ ਡੀਲਰਾਂ ਦਾ ਸਰਵੇਖਣ ਜਿਸ 'ਚ ਵਿਭਾਗ ਨੇ ਗੈਰਰਜਿਸਟਰਡ ਡੀਲਰਾਂ ਦੀ ਪਛਾਣ ਕਰਨ ਲਈ ਚੱਲ ਰਹੇ ਸਰਵੇਖਣ ਬਾਰੇ ਵਿਸਥਾਰ ਨਾਲ ਦੱਸਿਆ। ਕਿਰਾਏ ਤੇ ਰਿਵਰਸ ਚਾਰਜ ਮਕੈਨਿਜ਼ਮ (ਆਰ.ਸੀ.ਐਮ) ਜਿਸ 'ਚ ਜੀਐਸਟੀ ਅਧੀਨ ਕਿਰਾਏ ਦੇ ਭੁਗਤਾਨਾਂ ਤੇ ਲਾਗੂ ਆਰਸੀਐਮ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ ਗਈ, ਦੇਣਦਾਰੀ ਅਤੇ ਫਾਈਲਿੰਗ ਪ੍ਰਕਿਰਿਆਵਾਂ ਸੰਬੰਧੀ ਸਵਾਲਾਂ ਨੂੰ ਸੰਬੋਧਿਤ ਕੀਤਾ ਗਿਆ। ਜੀਐਸਟੀ ਐਮਨੈਸਟੀ ਸਕੀਮ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ, ਜੋ ਟੈਕਸਦਾਤਾਵਾਂ ਨੂੰ ਬਕਾਏ ਲਈ ਜੁਰਮਾਨੇ ਅਤੇ ਵਿਆਜ ਨੂੰ ਮੁਆਫ ਕਰਕੇ ਰਾਹਤ ਪ੍ਰਦਾਨ ਕਰਦੀ ਹੈ, ਭਾਗੀਦਾਰਾਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ ਗਿਆ।

ਰਾਜਪੁਰਾ ਦੇ ਪ੍ਰਮੁੱਖ ਵਕੀਲ ਜਿਵੇਂ ਕਿ ਚਿਰੰਜੀਵ ਖੁਰਾਣਾ, ਨਵਦੀਪ ਅਰੋੜਾ, ਦਵਿੰਦਰ ਪਾਹੂਜਾ ਨੇ ਚਰਚਾ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਸਮੇਂ ਚਾਰਟਰਡ ਅਕਾਊਂਟੈਂਟ ਰਾਕੇਸ਼ ਮਿਗਲਾਨੀ, ਰਾਕੇਸ਼ ਸਿੰਗਲਾ, ਜਤਿੰਦਰ ਕੁਮਾਰ, ਅਤੇ ਅਨਮੋਲ ਵਰਮਾ ਸਮੇਤ ਰਾਜਪੁਰਾ ਵਪਾਰ ਮੰਡਲ ਦੇ ਪ੍ਰਧਾਨ ਰਮੇਸ਼ ਪਹੂਜਾ, ਸੈਕਟਰੀ ਗਗਨ ਖੁਰਾਣਾ, ਦੀਪਕ ਸ਼ਿਵਸ਼ਤਵ ਪ੍ਰਧਾਨ ਇੰਡਸਟਰੀ ਐਸੋਸੀਏਸ਼ਨ ਅਤੇ ਤਜਿੰਦਰ ਕਮਲੇਸ਼ ਤੋਂ ਇਲਾਵਾ ਸਥਾਨਕ ਵਪਾਰਕ ਸੰਗਠਨਾਂ, ਟੈਕਸ ਸਲਾਹਕਾਰਾਂ ਅਤੇ ਹੋਰ ਹਿੱਸੇਦਾਰਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ।

ਪ੍ਰਧਾਨ ਪ੍ਰਦੀਪ ਜੋਸ਼ਨ ਵੱਲੋਂ ਸਨੌਰ ਸਹਿਰ ਦੇ ਵਿਕਾਸ ਕਾਰਜਾਂ ਦੇ ਸਬੰਧ ਚ ਕੀਤਾ ਦੌਰਾ

ਸਨੌਰ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਕੌਂਸਲ ਸਨੌਰ ਦੇ ਨਵ ਨਿਯੁਕਤ ਪ੍ਰਧਾਨ ਪ੍ਰਦੀਪ ਜੋਸ਼ਨ ਸਨੌਰ ਸ਼ਹਿਰ ਦੀਆਂ ਵੱਖ ਵੱਖ ਕਲੋਨੀਆਂ ਦਾ ਦੌਰਾ ਕਰਦੇ ਨਜ਼ਰ ਆਏ ।ਪ੍ਰਧਾਨ ਪ੍ਰਦੀਪ ਜੋਸ਼ਨ ਨੇ ਦੱਸਿਆ ਕਿ ਵਿਧਾਇਕ ਸਨੌਰ ਮਾਣਯੋਗ ਹਰਮੀਤ ਸਿੰਘ ਪਠਾਣਮਾਜਰਾ ਦੇ ਯਤਨਾ ਸਦਕਾ ਸਨੌਰ ਸਹਿਰ ਚ ਅਮ੍ਰਿਤ ਯੋਜਨਾਂ ਪ੍ਰੋਜੈਕਟ ਸ਼ੁਰੂਆਤ ਕੀਤੀ ਗਈ ਸੀ ਅਤੇ ਸਨੌਰ ਸ਼ਹਿਰ ਚ ਵਿਕਾਸ ਕਾਰਜ ਸਮੇਂ ਸਿਰ ਕੀਤੇ ਜਾ ਰਹੇ ਹਨ। ਅੰਮ੍ਰਿਤ ਯੋਜਨਾ 2 ਪ੍ਰੋਜੈਕਟ ਦੇ ਤਹਿਤ ਸਕੀਮ ਸਨੌਰ ਸ਼ਹਿਰ ਦੇ ਵਿੱਚ ਲਾਗੂ ਕੀਤੀ ਗਈ ਜੋ ਕਿ ਪੂਰੇ ਸਨੌਰ ਸ਼ਹਿਰ ਨੂੰ ਵਾਟਰ ਸਪਲਾਈ ਪਾਈਪ ਲਾਈਨ ਨਾਲ ਜੋੜਿਆ ਜਾਵੇਗਾ ਇਹ ਜਮੀਨੀ ਪੱਧਰ ਤੇ ਪਾਣੀ ਦੀ ਪਾਈਪਲਾਈਨ ਨਹੀ ਹੈ ਇਹ ਭਾਖੜਾ ਨਹਿਰ ਤੋਂ ਜੋ ਵੀ ਪਾਣੀ ਸ਼ੁੱਧ ਹੋ ਕੇ ਆਉਂਦਾ ਹੈ ਉਸ ਨਾਲ ਇਹ ਪਾਈਪਲਾਈਨ ਜੋੜੀ ਜਾਵੇਗੀ ਸਨੌਰ ਵਾਸੀਆਂ ਨੂੰ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਦੱਸਿਆ ਕਿ ਸੀਵਰੇਜ ਬੋਰਡ ਦੀ ਸਮੂਹ ਟੀਮ ਅਤੇ ਐਕਸਨ ਸਾਹਿਬ ,ਵੀਡੀਓ ਸਾਹਿਬ ,ਈ ਓ ਨਗਰ ਨਿਗਮ ਸਨੌਰ ਵੀ ਉਹਨਾਂ ਦੇ ਨਾਲ ਇਸ ਸਮੇਂ ਮੌਜੂਦ ਹਨ ਤੇ ਵੱਖ ਵੱਖ ਕਲੋਨੀਆਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ ਤਾਂ ਜੋ ਪੂਰੇ ਸਹਿਰ ਨੂੰ ਪਾਣੀ ਦੀ ਇਸ ਸਕੀਮ ਨਾਲ ਜੋੜਿਆ ਜਾ ਸਕੇ। ਸਨੌਰ ਪੁਰਾਣਾ ਸਹਿਰ ਹੋਣ ਕਾਰਨ ਉੱਚੀ, ਨੀਵੀਂ ਥਾਵਾ ਤੇ ਵਸਿਆ ਹੋਇਆ ਹੈ ਜਿਸ ਕਾਰਨ ਲੰਮੇ ਸਮੇਂ ਤੋਂ ਸੀਵਰੇਜ ਦੀ ਸਮੱਸਿਆ ਕਾਫੀ ਸਮੇ ਤੋਂ ਚਲਦੀ ਆ ਰਹੀ ਹੈ। ਸੀਵਰੇਜ ਦੀ ਆ ਰਹੀ ਸਮੱਸਿਆ ਵੀ ਜਲਦ ਹੱਲ ਕੀਤੀ ਜਾਵੇਗੀ।

ਪੁਲਿਸ ਵੱਲੋਂ ਮੁੱਠਭੇੜ ਤੋਂ ਬਾਅਦ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਦੇ ਦੋ ਮੈਂਬਰ ਕਾਬੂ

ਜਲੰਧਰ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਲੰਧਰ ਕਮਿਸ਼ਨਰੇਟ ਪੁਲਿਸ ਨੇ ਵਡਾਲਾ ਚੌਕ ਨੇੜੇ ਬੁੱਧਵਾਰ ਸਵੇਰੇ ਹੋਈ ਮੁੱਠਭੇੜ ਦੌਰਾਨ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਦੇ ਦੋ ਮੁੱਖ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਨੂੰ ਚਾਰ ਨਾਜਾਇਜ਼ ਹਥਿਆਰਾਂ, ਜ਼ਿੰਦਾ ਕਾਰਤੂਸਾਂ ਅਤੇ ਇੱਕ ਗੱਡੀ ਸਮੇਤ ਕਾਬੂ ਕੀਤਾ ਗਿਆ ਹੈ।

ਇਹ ਝੜਪ ਉਸ ਸਮੇਂ ਹੋਈ ਜਦੋਂ ਗੈਂਗ ਦੇ ਮੈਂਬਰ ਕਥਿਤ ਤੌਰ 'ਤੇ ਜਲੰਧਰ ਵਿੱਚ ਕਿਸੇ ਵੱਡੀ ਵਾਰਦਾਤ ਦੀ ਯੋਜਨਾ ਬਣਾ ਰਹੇ ਸਨ। ਇਸ ਦੌਰਾਨ ਪੁਲੀਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਪੁੱਜੀ ਤਾਂ ਉਨ੍ਹਾਂ ਪੁਲੀਸ ਟੀਮ 'ਤੇ ਗੋਲੀਆਂ ਚਲਾ ਦਿੱਤੀਆਂ। ਪੁਲੀਸ ਨੇ ਜਵਾਬੀ ਕਾਰਵਾਈ ਵਿਚ ਇੱਕ ਗੈਂਗਸਟਰ ਨੂੰ ਉਸ ਦੀ ਲੱਤ ਵਿੱਚ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ, ਜਦਕਿ ਦੂਜੇ ਨੂੰ ਵੀ ਭੱਜਣ ਦੀ ਕੋਸ਼ਿਸ਼ ਦੌਰਾਨ ਗ੍ਰਿਫ਼ਤਾਰ ਕਰ ਲਿਆ ਗਿਆ।

ਜਲੰਧਰ ਦੇ ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਗ੍ਰਿਫ਼ਤਾਰੀਆਂ ਦੀ

ਪੁਸ਼ਟੀ ਕਰਦੇ ਹੋਏ ਕਿਹਾ, ਦੋਸ਼ੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਹਨ ਅਤੇ ਪਿਛਲੇ ਮਾਮਲਿਆਂ ਵਿੱਚ ਲੋੜੀਂਦੇ ਸਨ। ਅਸੀਂ ਉਨ੍ਹਾਂ ਦੇ ਵੱਡੀਆਂ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਦੀ ਜਾਂਚ ਕਰ ਰਹੇ ਹਾਂ। ਦੋਵਾਂ ਮੁਲਜ਼ਮਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਪਹੁੰਚਾਇਆ ਗਿਆ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਦੋਵੇਂ ਸ਼ਹਿਰ ਵਿੱਚ ਕਿਸੇ ਵੱਡੇ ਅਪਰਾਧ ਦੀ ਸਾਜ਼ਿਸ਼ ਰਚ ਰਹੇ ਸਨ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਜਲਦੀ ਹੀ ਉਨ੍ਹਾਂ ਦਾ ਇਲਾਜ ਮੁਕੰਮਲ ਹੋਣ ਤੋਂ ਬਾਅਦ ਹੋਰ ਜਾਣਕਾਰੀ ਸਾਹਮਣੇ ਆਵੇਗੀ।

ਇਸ ਬਾਰੇ ਜਾਣਕਾਰੀ ਪੰਜਾਬ ਪੁਲੀਸ ਦੇ ਮੁਖੀ ਗੌਰਵ ਯਾਦਵ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਪਾਈ ਇਕ ਪੋਸਟ ਵਿਚ ਵੀ ਦਿੱਤੀ ਹੈ। ਉਨ੍ਹਾਂ ਨੇ ਇਸ ਨੂੰ ਜਲੰਧਰ ਕਮਿਸ਼ਨਰੇਟ ਪੁਲੀਸ ਦੀ 'ਵੱਡੀ ਸਫਲਤਾ' ਕਰਾਰ ਦਿੱਤਾ ਹੈ।

ਪੰਜਾਬ ਵਿੱਚ ਪਹਿਲੀ ਵਾਰ ਸੀ-ਪਾਈਟ ਕੈਂਪਾਂ ਰਾਹੀਂ 265 ਲੜਕੀਆਂ ਨੂੰ ਫੌਜ ਤੇ ਪੁਲਿਸ 'ਚ ਭਰਤੀ ਲਈ ਦਿੱਤੀ ਸਿਖਲਾਈ

ਕਪੂਰਥਲਾ

ਸੰਪਾਦਕੀ

ਕਾਮਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਵੱਲ ਰੁਜ਼ਗਾਰਦਾਤਾ ਧਿਆਨ ਦੇਣ

ਦੇਸ਼ ਭਰ 'ਚ ਦਿਨ-ਰਾਤ ਉਸਾਰੀ ਕਾਰਜਾਂ ਅਤੇ ਵਿਕਾਸ ਪ੍ਰਾਜੈਕਟਾਂ ਵਿੱਚ ਲੱਗੇ ਕਾਮਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਵੱਲ ਰੁਜ਼ਗਾਰਦਾਤਾ ਕੋਈ ਬਹੁਤਾ ਧਿਆਨ ਨਹੀਂ ਦੇ ਰਹੇ। ਅਜਿਹਾ ਜਾਪਦਾ ਹੈ ਕਿ ਇਹ ਬੇਨਾਮ, ਅਣਪਛਾਤੇ ਵਰਕਰ ਉਨ੍ਹਾਂ ਲਈ ਕਿਸੇ ਗਿਣਤੀ 'ਚ ਆਉਂਦੇ ਹੀ ਨਹੀਂ। ਬੁਨਿਆਦੀ ਉਸਾਰੀ ਦਾ ਖੇਤਰ ਭਾਵੇਂ ਭਾਰਤੀ ਅਰਥਚਾਰੇ ਦੀ ਪ੍ਰਮੁੱਖਤਾ ਨਾਲ ਅਗਵਾਈ ਕਰ ਰਿਹਾ ਹੈ ਪਰ ਕੰਮ ਵਾਲੀ ਥਾਂ 'ਤੇ ਇਨ੍ਹਾਂ ਵਰਕਰਾਂ ਦੀ ਸੁਰੱਖਿਆ ਰੁਜ਼ਗਾਰ ਦੇਣ ਵਾਲਿਆਂ ਲਈ ਕੋਈ ਜ਼ਿਆਦਾ ਮਹੱਤਵ ਰੱਖਦੀ ਨਹੀਂ ਲੱਗਦੀ। ਨਵੰਬਰ 2023 ਵਿੱਚ ਜਦੋਂ 40 ਦੇ ਕਰੀਬ ਮਜ਼ਦੂਰਾਂ ਨੂੰ ਉੱਤਰਾਖੰਡ ਦੀ ਸਿਲਕਿਆਰਾ ਸੁਰੰਗ ਵਿੱਚੋਂ ਕੱਢਿਆ ਗਿਆ ਸੀ ਤਾਂ ਆਸ ਕੀਤੀ ਗਈ ਸੀ ਕਿ ਉਸਾਰੀ ਵਾਲੀਆਂ ਥਾਵਾਂ 'ਤੇ ਸੁਰੱਖਿਅਤ ਕੰਮਕਾਜੀ ਹਾਲਤਾਂ ਯਕੀਨੀ ਕਰਨ ਲਈ ਢੁੱਕਵੇਂ ਸਬਕ ਸਿੱਖ ਲਏ ਗਏ ਹੋਣਗੇ ਹਾਲਾਂਕਿ ਇਹ ਉਮੀਦ ਬਹੁਤਾ ਲੰਮਾ ਸਮਾਂ ਕਾਇਮ ਨਾ ਰਹਿ ਸਕੀ। ਸਿਲਕਿਆਰਾ ਸੁਰੰਗ ਦੇ ਰਾਹਤ ਕਾਰਜਾਂ ਨੂੰ ਉਦੋਂ ਪੂਰੇ ਦੇਸ਼ ਨੇ ਵੱਖ-ਵੱਖ ਮਾਧਿਅਮਾਂ ਰਾਹੀਂ ਸਾਹ ਰੋਕ ਕੇ ਤੱਕਿਆ ਸੀ। ਛੱਤੀਸਗੜ੍ਹ ਦੇ ਰਾਏਪੁਰ ਵਿੱਚ ਉਸਾਰੀ ਅਧੀਨ ਇਮਾਰਤ 'ਚ ਸਲੈਬ ਰੱਖਣ ਲੱਗਿਆਂ ਫਰੇਮ ਡਿੱਗਣ ਨਾਲ ਦੋ ਵਰਕਰਾਂ ਦੀ ਮੌਤ ਹੋ ਗਈ। ਉਸੇ ਦਿਨ 28 ਕਾਮੇ ਉਸ ਵੇਲੇ ਫ਼ਸ ਗਏ ਜਦੋਂ ਉੱਤਰ ਪ੍ਰਦੇਸ਼ ਦੇ ਕਨੌਜ ਰੇਲਵੇ ਸਟੇਸ਼ਨ ਵਿੱਚ ਬਣ ਰਹੀ ਇਮਾਰਤ ਦੀ ਸ਼ਟਰਿੰਗ ਡਿੱਗ ਗਈ। ਸਾਰੇ ਕਾਮਿਆਂ ਨੂੰ ਸੁਰੱਖਿਅਤ ਕੱਢਣ ਲਈ 16 ਘੰਟੇ ਦਾ ਅਪਰੇਸ਼ਨ ਚੱਲਿਆ ਜਿਸ ਵਿੱਚ ਕੌਮੀ ਤੇ ਸੂਬਾਈ ਆਫ਼ਤ ਪ੍ਰਬੰਧਨ ਬਲ ਅਤੇ ਰੇਲਵੇ ਕਰਮੀ ਸ਼ਾਮਿਲ ਸਨ। ਇਸ ਦੇ ਉਲਟ ਅਸਾਮ ਦੀ ਕੋਲਾ ਖਾਣ 'ਚ ਪਾਣੀ ਭਰਨ ਕਾਰਨ ਫਸੇ ਮਜ਼ਦੂਰਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵਿਅਰਥ ਸਾਬਿਤ ਹੋਈਆਂ। ਰਾਹਤ ਤੇ ਬਚਾਅ ਕਰਮੀ ਫਸੇ ਹੋਇਆਂ ਨੂੰ ਬਾਹਰ ਕੱਢਣ ਲਈ ਭਾਵੇਂ ਆਪਣੀ ਜਾਨ ਦਾਅ ਉੱਤੇ ਲਾ ਰਹੇ ਹਨ ਪਰ ਇਸ ਤਰ੍ਹਾਂ ਦੇ ਹਾਦਸਿਆਂ ਲਈ ਅਪਰਾਧਕ ਅਣਗਹਿਲੀ ਜ਼ਿੰਮੇਵਾਰ ਹੈ। ਜਨਤਕ ਤੇ ਪ੍ਰਾਈਵੇਟ ਇਕਾਈਆਂ ਵੱਲੋਂ ਸ਼ਰੇਆਮ ਨਿਯਮਾਂ ਦਾ ਨਿਰਾਦਰ ਸਰਕਾਰੀ ਏਜੰਸੀਆਂ ਨੂੰ ਵੀ ਮਾੜੀ ਰੌਸ਼ਨੀ 'ਚ ਪੇਸ਼ ਕਰ ਰਿਹਾ ਹੈ।

ਇਨ੍ਹਾਂ ਨਿਮਾਣੇ ਵਰਕਰਾਂ ਨੂੰ ਰਾਸ਼ਟਰ ਨਿਰਮਾਤਾ ਕਿਉਂ ਨਹੀਂ ਸਮਝਿਆ ਜਾਂਦਾ? ਕਿਉਂ ਇਨ੍ਹਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਜਾਂਦਾ ਹੈ? ਅਜਿਹੀ ਉਦਾਸੀਨਤਾ ਅਜਿਹੇ ਮੁਲਕ ਨੂੰ ਸੋਭਾ ਨਹੀਂ ਦਿੰਦੀ ਜਿਹੜਾ 2047 ਤੱਕ ਵਿਕਸਤ ਬਣਨ ਦੀ ਖਾਹਿਸ਼ ਪਾਲ ਰਿਹਾ ਹੋਵੇ। ਇਮਾਰਤਾਂ ਤੇ ਦੂਜੀਆਂ ਉਸਾਰੀਆਂ ਦੇ ਕਾਮਿਆਂ ਨਾਲ ਸਬੰਧਿਤ ਕਾਨੂੰਨ (1996) ਰੁਜ਼ਗਾਰ ਦੇਣ ਵਾਲੇ ਦੀ ਜ਼ਿੰਮੇਵਾਰੀ ਤੈਅ ਕਰਦਾ ਹੈ ਕਿ ਉਹ ਸੁਰੱਖਿਆ ਕਮੇਟੀਆਂ ਬਣਾਏ ਅਤੇ ਹਾਦਸਿਆਂ ਨੂੰ ਰੋਕਣ ਲਈ ਕਦਮ ਚੁੱਕੇ। ਇਸ ਕਾਨੂੰਨ ਦੀਆਂ ਤਜਵੀਜ਼ਾਂ ਨਾ ਮੰਨਣ 'ਤੇ ਸਜ਼ਾ ਦੀ ਸਿਫਾਰਿਸ਼ ਕੀਤੀ ਗਈ ਹੈ, ਫਿਰ ਵੀ ਦੋਸ਼ੀਆਂ ਨੂੰ ਸਜ਼ਾ ਘੱਟ ਹੀ ਮਿਲਦੀ ਹੈ। ਬੇਵੱਸ ਕਾਮਿਆਂ ਦਾ ਹਰ ਵਾਰ ਕੋਈ ਚਮਤਕਾਰੀ ਬਚਾਅ ਨਹੀਂ ਹੋਵੇਗਾ। ਉਹ ਵਿੱਤੀ ਅਤੇ ਸਰੀਰਕ ਪੱਖ ਤੋਂ ਸੁਰੱਖਿਆ ਘੇਰੇ ਦੇ ਹੱਕਦਾਰ ਹਨ।

ਲੰਗ ਅਨੁਪਾਤ ਦੇ ਤਾਜ਼ਾ ਅੰਕੜਿਆਂ ਨੇ ਨਿਰਾਸ਼ਾਜਨਕ ਤਸਵੀਰ

ਪੰਜਾਬ 'ਚ ਲਿੰਗ ਅਨੁਪਾਤ ਦੇ ਤਾਜ਼ਾ ਅੰਕੜਿਆਂ ਨੇ ਨਿਰਾਸ਼ਾਜਨਕ ਤਸਵੀਰ ਪੇਸ਼ ਕੀਤੀ ਹੈ। ਨਵੀਂ ਜਾਣਕਾਰੀ ਸੂਬੇ 'ਚ ਲਿੰਗ ਅਨੁਪਾਤ ਦਾ ਖੱਪਾ ਹੋਰ ਵੱਡਾ ਹੋਣ ਵੱਲ ਸੰਕੇਤ ਕਰ ਰਹੀ ਹੈ। ਸਰਕਾਰ ਦੀ 'ਸਿਵਲ ਰਜਿਸਟਰੇਸ਼ਨ ਸਿਸਟਮ' ਉੱਤੇ ਪਾਈ ਜਾਣਕਾਰੀ ਚਿੰਤਤ ਕਰਨ ਵਾਲੀ ਹੈ। ਇਸ ਮਾਮਲੇ 'ਚ ਪਠਾਨਕੋਟ ਜ਼ਿਲ੍ਹੇ ਦੀ ਕਾਰਗੁਜ਼ਾਰੀ ਸਭ ਤੋਂ ਮਾੜੀ ਹੈ ਜਿੱਥੇ ਲੰਘੇ ਸਾਲ (2024) ਵਿੱਚ ਹਜ਼ਾਰ ਲੜਕਿਆਂ ਪਿੱਛੇ 864 ਲੜਕੀਆਂ ਨੇ ਜਨਮ ਲਿਆ। ਗੁਰਦਾਸਪੁਰ ਵੀ ਬਹੁਤਾ ਪਿੱਛੇ ਨਹੀਂ ਜਿੱਥੇ ਇਹ ਗਿਣਤੀ 888 ਹੈ। ਸਾਲ ਪਹਿਲਾਂ 2023 ਵਿੱਚ ਪਠਾਨਕੋਟ 'ਚ ਇਹ ਅੰਕੜਾ 902 ਸੀ। ਕੁੱਲ ਮਿਲਾ ਕੇ 2024 ਵਿੱਚ ਪੰਜਾਬ ਦਾ ਲਿੰਗ ਅਨੁਪਾਤ 918 ਸੀ। ਇਸ ਮਾਮਲੇ 'ਚ ਕਈ ਹੋਰਨਾਂ ਜ਼ਿਲ੍ਹਿਆਂ ਦੇ ਹਾਲਾਤ ਵੀ ਬਹੁਤੇ ਵਧੀਆ ਨਹੀਂ। ਸਿਹਤ ਮਾਹਿਰ ਅਤੇ ਸਮਾਜ ਸ਼ਾਸਤਰੀ ਇਸ ਵੱਡੇ ਫ਼ਰਕ ਲਈ ਭਰੂਣ ਹੱਤਿਆ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਪੰਜਾਬ ਨੂੰ ਦਹਾਕਿਆਂ ਤੋਂ ਚਿੰਬੜੀ ਇਹ ਅਲਾਮਤ ਅਜੇ ਤੱਕ ਵੀ ਪੂਰੀ ਤਰ੍ਹਾਂ ਮਿਟਾਈ ਨਹੀਂ ਜਾ ਸਕੀ ਹੈ ਜੋ ਇਨ੍ਹਾਂ ਅੰਕੜਿ ?ਆਂ ਤੋਂ ਵੀ ਜ਼ਾਹਿਰ ਹੁੰਦਾ ਹੈ। ਪੰਜਾਬ ਤੇ ਗੁਆਂਢੀ ਸੂਬੇ ਹਰਿਆਣਾ 'ਚ ਕੰਨਿਆ ਭਰੂਣ ਹੱਤਿਆ ਲਗਾਤਾਰ ਗੰਭੀਰ ਸਮੱਸਿਆ ਬਣੀ ਰਹੀ ਹੈ। ਅਦਾਲਤਾਂ ਵੀ ਇਸ 'ਤੇ ਤਲਖ਼ ਟਿੱਪਣੀਆਂ ਕਰ ਚੁੱਕੀਆਂ ਹਨ ਪਰ ਕਈ ਜਨ ਜਾਗਰੂਕਤਾ ਤੇ ਹੋਰ ਮੁਹਿੰਮਾਂ ਚਲਾਉਣ ਦੇ ਬਾਵਜੂਦ ਇਹ ਜਿਉਂ ਦੀ ਤਿਉਂ ਹੈ।

ਦੇਸ਼ ਭਰ 'ਚ ਲਾਗੂ ਹੋਏ ਪੀਐੱਨਡੀਟੀ ਕਾਨੂੰਨ ਜਿਸ ਤਹਿਤ ਜਨਮ ਤੋਂ ਪਹਿਲਾਂ ਬੱਚੇ ਦਾ ਲਿੰਗ ਜਾਨਣ ਉੱਤੇ ਰੋਕ ਲਾਈ ਗਈ ਸੀ, ਤੋਂ ਬਾਅਦ ਆਸ ਬੱਝੀ ਸੀ ਕਿ ਇਸ ਸਮੱਸਿਆ ਨੂੰ ਕੁਝ ਹੱਦ ਤੱਕ ਨੱਥ ਪਏਗੀ ਪਰ ਅੰਕੜੇ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਹਨ। ਇਸ ਕਾਨੂੰਨ ਨੂੰ ਸਮਾਜਿਕ ਮਾਨਤਾ ਨਾ ਮਿਲਣ ਕਾਰਨ ਇਸ ਦੇ ਠੋਸ ਸਿੱਟੇ ਅਜੇ ਤੱਕ ਸਾਹਮਣੇ ਨਹੀਂ ਆ ਸਕੇ। ਪਿੰਡਾਂ ਕਸਬਿਆਂ 'ਚ ਘੱਟ ਸਾਖ਼ਰਤਾ ਦਰ, ਸਮਾਜੀ ਦਬਾਅ ਤੇ ਗ਼ਰੀਬੀ ਨੂੰ ਭਾਵੇਂ ਇਸ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਪਰ ਹਕੀਕਤ ਇਹ ਹੈ ਕਿ ਸ਼ਹਿਰੀ ਖੇਤਰਾਂ 'ਚ ਵਸਦੇ ਪੜ੍ਹੇ-ਲਿਖੇ ਲੋਕ ਵੀ ਇਸ ਅਪਰਾਧ 'ਚ ਸ਼ਾਮਿਲ ਹਨ। ਕਾਨੂੰਨ ਨੇ ਨਿਯਮਾਂ ਦੀ ਪ੍ਰਤੱਖ ਉਲੰਘਣਾ ਨੂੰ ਤਾਂ ਰੋਕਿਆ ਹੈ ਪਰ ਪਰਦੇ ਪਿੱਛੇ ਇਸ ਅਲਾਮਤ ਦੀ ਰੋਕਥਾਮ ਲਈ ਪ੍ਰਸ਼ਾਸਨ ਨੂੰ ਫ਼ੌਰੀ ਤੇ ਸਖ਼ਤ ਕਾਰਵਾਈ ਕਰਨ ਦੀ ਲੋੜ ਪਏਗੀ; ਖ਼ਾਸ ਤੌਰ 'ਤੇ ਬੇਹੱਦ ਘੱਟ ਅਨੁਪਾਤ ਵਾਲੇ ਜ਼ਿਲ੍ਹਿਆਂ ਉੱਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਲਈ 'ਟਰੈਕਿੰਗ' ਢਾਂਚਾ ਲਾਗੂ ਕੀਤਾ ਜਾ ਸਕਦਾ ਹੈ ਜਿਸ ਤਹਿਤ ਹਰ ਗਰਭਵਤੀ ਔਰਤ ਨੂੰ ਨਿਗਰਾਨੀ ਹੇਠ ਰੱਖਿਆ ਜਾ ਸਕੇ। ਗ਼ੈਰ-ਕਾਨੂੰਨੀ ਗਰਭਪਾਤ ਕਰਾਉਣ ਵਾਲੇ ਡਾਕਟਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਕੇ ਵੀ ਕੁਝ ਹੱਦ ਤੱਕ ਇਸ ਨੂੰ ਠੱਲ੍ਹਿਆ ਜਾ ਸਕਦਾ ਹੈ ਹਾਲਾਂਕਿ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਉੱਤੇ ਨਹੀਂ ਪਾਈ ਜਾ ਸਕਦੀ, ਲੋਕਾਂ ਨੂੰ ਵੀ ਆਪਣੀ ਮਾਨਸਿਕਤਾ ਬਦਲਣ ਦੀ ਜ਼ਰੂਰਤ ਹੈ। ਜਦੋਂ ਤੱਕ ਪਰਿਵਾਰ ਤੇ ਮਾਪੇ ਮੁੰਡੇ-ਕੁੜੀ ਵਿਚਲੇ ਫ਼ਰਕ ਨੂੰ ਮਨੋਂ ਦੂਰ ਨਹੀਂ ਕਰਦੇ, ਉਦੋਂ ਤੱਕ ਇਸ ਸਮੱਸਿਆ ਤੋਂ ਨਿਜਾਤ ਪਾਉਣਾ ਮੁਸ਼ਕਿਲ ਹੈ। ਕੰਨਿਆ ਭਰੂਣ ਹੱਤਿਆ ਇੱਕ ਤਰ੍ਹਾਂ ਦੀ ਮਾਨਸਿਕ ਬਿਮਾਰੀ ਹੈ ਜਿਸ ਨਾਲ ਸਮਾਜ ਦਾ ਸੰਤੁਲਨ ਵਿਗੜਦਾ ਹੈ। ਪੰਜਾਬ ਦੀ ਸਾਖ਼ ਇਸ ਮਾਮਲੇ 'ਚ ਲੰਮੇ ਸਮੇਂ ਤੋਂ ਖ਼ਰਾਬ ਹੀ ਰਹੀ ਹੈ ਜਿਸ ਨੂੰ ਸਾਂਝੇ ਯਤਨਾਂ ਨਾਲ ਸੁਧਾਰਨ ਦੀ ਲੋੜ ਹੈ। ਨੀਤੀਘਾੜੇ, ਸਿੱਖਿਆ ਸ਼ਾਸਤਰੀ ਤੇ ਸਮਾਜਿਕ ਜਥੇਬੰਦੀਆਂ ਜਾਗਰੂਕਤਾ ਮੁਹਿੰਮਾਂ ਤੇ ਲੋਕਾਂ ਨਾਲ ਲਗਾਤਾਰ ਰਾਬਤੇ ਰਾਹੀਂ ਕੋਈ ਸਕਾਰਾਤਮਕ ਤਬਦੀਲੀ ਲਿਆ ਸਕਦੇ ਹਨ।

ਸਹੀ ਨੀਤੀਆਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੈ ਤਾਂ ਕਿ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਦੇ ਨਾਲ-ਨਾਲ ਲਿੰਗ ਆਧਾਰਿਤ ਹਿੰਸਾ 'ਤੇ ਲਗਾਮ ਕੱਸੀ ਜਾ ਸਕੇ। ਪੁਰਸ਼ ਪ੍ਰਧਾਨ ਸਮਾਜ ਦੀ ਮਾਨਸਿਕਤਾ ਨੂੰ ਚੁਣੌਤੀ ਵੀ ਦੇਣੀ ਪਏਗੀ, ਨਹੀਂ ਤਾਂ ਸਮਾਜ ਦੀਆਂ ਬੁਨਿਆਦਾਂ ਨੂੰ ਖ਼ੋਰਾ ਲੱਗੇਗਾ ਤੇ ਨਵੀਆਂ ਸਮੱਸਿਆਵਾਂ ਪੈਦਾ ਹੋਣਗੀਆਂ।

ਐਚ.ਐਮ.ਪੀ ਵਾਇਰਸ ਤੋਂ ਘਬਰਾਉਣਾ ਨਹੀਂ, ਜਾਗਰੂਕਤਾ ਅਤੇ ਬਚਾਅ ਜ਼ਰੂਰੀ : ਸਿਵਲ ਸਰਜਨ

ਬਰਨਾਲਾ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਵੀਡੀਓ ਕਾਨਫਰੰਸ ਸੰਦੇਸ਼ ਰਾਂਹੀ ਸਿਵਲ ਸਰਜਨ ਬਰਨਾਲਾ ਡਾ. ਬਲਦੇਵ ਸਿੰਘ ਸੰਧੂ ਨੇ ਜ਼ਿਲ੍ਹਾ ਬਰਨਾਲਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹਨਾਂ ਨੂੰ ਨਵੇਂ ਉਭਰੇ ਹਿਊਮਨ ਮੈਟਾਨਿਊਮੋ ਵਾਇਰਸ (ਐਚ.ਐਮ.ਪੀ.ਵੀ) ਤੋਂ ਘਬਰਾਉਣਾ ਨਹੀਂ ਹੈ।

ਸਿਵਲ ਸਰਜਨ ਨੇ ਦੱਸਿਆ ਕਿ ਐਚ.ਐਮ.ਪੀ ਵਾਇਰਸ ਕੋਰੋਨਾ ਵਰਗਾ ਵਾਇਰਸ ਨਹੀਂ ਹੈ। ਇਹ ਇੱਕ ਆਮ ਜੁਕਾਮ ਫਲੂ ਵਰਗਾ ਵਾਇਰਸ ਹੈ। ਇਸ ਵਾਇਰਸ ਦਾ ਕੋਈ ਵੀ ਕੇਸ ਜ਼ਿਲ੍ਹਾ ਬਰਨਾਲਾ ਜਾਂ ਪੰਜਾਬ 'ਚ ਨਹੀਂ ਆਇਆ। ਫਿਰ ਵੀ ਬਚਾਅ ਲਈ ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ, ਬਜ਼ੁਰਗਾਂ ਅਤੇ ਗੰਭੀਰ ਬਿਮਾਰੀਆਂ ਤੋਂ ਪੀੜਤਾਂ ਨੂੰ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ। ਸਵੇਰੇ-ਸਾਮ ਅਤੇ ਭੀੜ ਵਾਲੀਆਂ ਥਾਵਾਂ 'ਤੇ ਜਾਣ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ ਅਤੇ ਜੇਕਰ ਬਾਹਰ ਜਾਣਾ ਵੀ ਹੋਵੇ ਤਾਂ ਮੂੰਹ ਮਾਸਕ ਜਾਂ ਰੁਮਾਲ ਨਾਲ ਢੱਕਣਾ ਚਾਹੀਦਾ ਹੈ।

ਡਾ. ਮੁਨੀਸ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਕਿ ਇਸ ਤੋਂ ਬਚਾਅ ਲਈ ਸਮੂਹ ਸੀਨੀਅਰ ਮੈਡੀਕਲ ਅਫ਼ਸਰ ਜ਼ਿਲ੍ਹਾ ਬਰਨਾਲਾ ਨੂੰ ਨਿਰਦੇਸ਼ ਵੀ ਜਾਰੀ ਕਰ ਦਿੱਤੇ ਹਨ।

ਜੇਕਰ ਕੋਈ ਵੀ ਸ਼ੱਕੀ ਮਰੀਜ਼ ਜਿਸ ਨੂੰ ਖਾਂਸੀ, ਜੁਕਾਮ, ਬੁਖਾਰ ਅਤੇ ਸਾਹ ਲੈਣ 'ਚ ਤਕਲੀਫ ਹੋਵੇ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ।

ਇਸ ਸਮੇਂ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਪ੍ਰਵੇਸ਼ ਕੁਮਾਰ, ਡਾ. ਗੁਰਮਿੰਦਰ ਕੌਰ ਅੰਜਲਾ ਜ਼ਿਲ੍ਹਾ ਮੈਡੀਕਲ ਕਮਿਸਨਰ, ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫਸਰ, ਡਾਕਟਰ ਅਤੇ ਅਧਿਕਾਰੀ/ਕਰਮਚਾਰੀ ਹਾਜ਼ਰ ਸਨ

ਚਾਈਨਾਂ ਡੋਰ ਦੀ ਵਿਕਰੀ, ਵਰਤੋਂ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਹੋਵੇਗੀ: ਜਸਪ੍ਰੀਤ ਸਿੰਘ

ਸ੍ਰੀ ਆਨੰਦਪੁਰ ਸਾਹਿਬ, 16 ਜਨਵਰੀ
-ਸਚਿਨ ਸੋਨੀ/ਰਾਜੂ ਧੀਮਾਨ-
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸ.ਭਗਵੰਤ ਮਾਨ ਵੱਲੋਂ ਮਿਲੇ ਆਦੇਸ਼ ਅਨੁਸਾਰ ਜਿਲ੍ਹੇ ਵਿਚ ਚਾਈਨਾ ਡੋਰ ਦੀ ਵਿਕਰੀ, ਵਰਤੋ ਤੇ ਸਟੋਰੇਜ ਦੀ ਨਿਰੰਤਰ ਚੈਕਿੰਗ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਜਿਲ੍ਹੇ ਦੇ ਸ਼ਹਿਰਾ, ਕਸਬਿਆਂ ਤੇ ਪਿੰਡਾਂ ਦੀਆਂ ਦੁਕਾਨਾਂ ਦੀ ਚੈਕਿੰਗ ਕਰਕੇ ਚਾਈਨਾ ਡੋਰ ਦੀ ਵਿਕਰੀ,ਸਟੋਰੇਜ ਅਤੇ ਵਰਤੋਂ ਕਰਨ ਵਾਲਿਆ ਵਿਰੁੱਧ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਚਾਈਨਾ ਡੋਰ ਦੀ ਵਿਕਰੀ ਤੇ ਸਟੋਰੇਜ ਨਾ ਕਰਨ ਕਿਉਕਿ ਇਹ ਡੋਰ ਕਈ ਵੱਡੇ ਹਾਦਸਿਆਂ ਦਾ ਕਾਰਨ ਬਣੀ ਹੈ, ਜਿਸ ਨਾਲ ਕਈ ਵਾਰ ਕੀਮਤੀ ਜਾਨਾ ਦਾ ਨੁਕਸਾਨ ਹੋਇਆ ਹੈ।

ਇਹ ਪ੍ਰਗਟਾਵਾ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਇੱਥੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਚਾਈਨਾ ਡੋਰ ਦੀ ਵਰਤੋਂ ਨਾਲ ਕਈ ਵਾਰ ਕੀਮਤੀ ਜਾਨਾਂ ਗਈਆਂ ਹਨ ਅਤੇ ਅਕਸਰ ਹੀ ਲੋਕ ਜਖਮੀ ਹੋ ਜਾਂਦੇ ਹਨ। ਕਈ ਵਾਰ ਚਾਈਨਾ ਡੋਰ ਨਾਲ ਸੜਕੀ ਹਾਦਸੇ ਵੀ ਵਾਪਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸਾਸ਼ਨ ਵੱਲੋਂ ਵਾਰ-ਵਾਰ ਚਾਈਨਾਂ ਡੋਰ ਦੀ ਵਿਕਰੀ ਤੇ ਪਾਬੰਦੀ ਅਤੇ ਵਰਤੋਂ ਨਾ ਕਰਨ ਬਾਰੇ ਅਪੀਲ ਕੀਤੀ ਗਈ ਹੈ, ਇਸ ਦੇ ਬਾਵਜੂਦ ਅਜਿਹੀਆਂ ਸ਼ਿਕਾਇਤਾ ਮਿਲਦੀਆਂ ਹਨ ਕਿ ਚਾਈਨਾਂ ਡੋਰ ਦੀ ਵਿਕਰੀ ਤੇ ਵਰਤੋਂ ਧੜਾਧੜ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਪ੍ਰਸਾਸ਼ਨ ਵੱਲੋਂ ਜਾਰੀ ਆਦੇਸ਼ਾ ਦੀ ਉਲੰਘਣਾਂ ਨਾ ਕੀਤੀ ਜਾਵੇ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਚਾਈਨਾਂ ਡੋਰ ਦੀ ਵਿਕਰੀ ਨਾ ਕਰਨ ਅਤੇ ਇਸ ਦੀ ਸਟੋਰੇਜ ਨਾ ਕਰਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨਾ ਸਭ ਦੀ ਜਿੰਮੇਵਾਰੀ ਹੈ। ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖਤ ਕਾਰਵਾਈ ਹੋਵੇਗੀ।

ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਐਲ.ਆਰ. ਵਿਰਦੀ ਸ੍ਰੀ ਚਰਨ ਛੋਹ ਗੰਗਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਹੋਏ ਨਤਮਸਤਕ

ਗੜ੍ਹਸ਼ੰਕਰ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਆਦਿ ਧਰਮ ਰਜਿ ਭਾਰਤ ਦੇ ਕੌਮੀ ਚੇਅਰਪਰਸਨ ਸ੍ਰੀਮਤੀ ਕਮਲੇਸ਼ ਕੌਰ ਘੇੜਾ ਜੀ ਵੱਲੋਂ ਆਦਿ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਉਘਾ ਯੋਗਦਾਨ ਪਾਉਣ ਵਾਲੇ ਉਘੇ ਸਮਾਜਸੇਵੀ ਸ੍ਰੀ ਐਲ ਆਰ ਵਿਰਦੀ ਨੂੰ ਆਲ ਇੰਡੀਆ ਆਦਿ ਧਰਮ ਮਿ

ਅੰਗਦਾਨ ਉੱਤਮ ਦਾਨ

ਵਰਸ਼ਾ ਵਰਮਾ

ਕੋਈ ਵੀ ਵਿਅਕਤੀ ਆਪਣੇ ਕਰੀਬੀ, ਖ਼ੂਨ ਦੇ ਰਿਸ਼ਤੇਦਾਰ ਨੂੰ ਸਵੈ-ਇੱਛਾ ਨਾਲ ਆਪਣੇ ਸਰੀਰ ਦਾ ਕੋਈ ਅੰਦਰੂਨੀ ਉਹ ਅੰਗ ਦਾਨ ਕਰ ਸਕਦਾ ਹੈ, ਜਿਸ ਨੂੰ ਦਾਨ ਦਿੱਤੇ ਜਾਣ ਨਾਲ ਉਸ ਦੀ ਆਪਣੀ ਜ਼ਿੰਦਗੀ ਉੱਪਰ ਮਾੜਾ ਅਸਰ ਨਾ ਪੈਂਦਾ ਹੋਵੇ।

ਦਾਨ ਕੀ ਹੈ?

ਕੁਝ ਲੋਕ ਧਨ-ਦੌਲਤ ਨੂੰ ਵੰਡਣਾ, ਅੰਨ ਅਤੇ ਕੱਪੜੇ-ਲੀੜੇ ਨੂੰ ਭੇਟਾ ਕਰਨ ਨੂੰ ਦਾਨ ਮੰਨਦੇ ਹਨ। ਇਸ ਤੋਂ ਇਲਾਵਾ ਵੀ ਕਈ ਹੋਰ ਸਾਧਨ ਹਨ, ਜਿਨ੍ਹਾਂ ਨੂੰ ਦਾਨ ਕਰਨਾ ਮੰਨਿਆ ਜਾਂਦਾ ਹੈ। ਅਸਲ ਦਾਨ ਉਹ ਦਾਨ ਹੈ, ਜੋ ਕਿਸੇ ਨੂੰ ਜੀਵਨ ਪ੍ਰਦਾਨ ਕਰੇ। ਅੰਗਦਾਨ ਹੀ ਅਸਲੀ ਦਾਨ ਹੈ। ਅੰਗਦਾਨ ਨੂੰ ਕਿਸੇ ਮ੍ਰਿਤਕ ਵਿਅਕਤੀ ਜਾਂ ਕਿਸੇ ਜਿਉਂਦੇ ਵਿਅਕਤੀ ਦੇ ਸਰੀਰ ਵਿਚੋਂ, ਨਿਰੂਪਣ ਦੇ ਮਕਸਦ ਨਾਲ, ਤੰਤੂ ਜਾਂ ਅੰਗ ਲੈਣ ਵਜੋਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ। ਹਰ ਸਾਲ ਹਜ਼ਾਰਾਂ ਲੋਕ ਦਿਲ ਦੀ ਧੜਕਣ ਬੰਦ ਹੋ ਜਾਣ ਕਾਰਨ, ਗੁਰਦਿਆਂ ਜਾਂ ਜਿਗਰ ਦੇ ਖ਼ਰਾਬ ਹੋ ਜਾਣ ਜਾਂ ਖ਼ੂਨ ਦੀ ਕਮੀ ਕਾਰਨ ਮਰ ਰਹੇ ਹਨ। ਅੰਗਦਾਨ ਕਰ ਕੇ ਅਸੀਂ ਉਨ੍ਹਾਂ ਦੀ ਮਦਦ ਕਰ ਸਕਦੇ ਹਾਂ। ਜੇਕਰ ਅਸੀਂ ਆਪਣੇ ਤੰਦਰੁਸਤ ਅੰਗ ਦੂਜਿਆਂ ਦੇ ਲਾਭ ਲਈ ਦਾਨ ਵਿਚ ਦੇਣ ਲਈ ਤਿਆਰ ਹੋ ਜਾਈਏ ਤਾਂ ਅਸੀਂ ਬਹੁਤ ਸਾਰੀਆਂ ਜ਼ਿੰਦਗੀਆਂ ਨੂੰ ਬਚਾ ਸਕਦੇ ਹਾਂ। ਅੰਗਦਾਨ ਕਰਨ ਨਾਲ ਬਹੁਤ ਸਾਰੇ ਇਨਸਾਨਾਂ ਨੂੰ ਜ਼ਿੰਦਗੀ ਦਾ ਤੋਹਫ਼ਾ ਮਿਲ ਸਕਦਾ ਹੈ, ਜੋ ਕਈ ਬੇਰੰਗ ਜ਼ਿੰਦਗੀਆਂ 'ਚ ਰੰਗ ਭਰ ਸਕਦਾ ਹੈ।

ਅੰਗਦਾਨ ਜ਼ਿੰਦਗੀ ਦੀ ਉਡੀਕ ਕਰਦੀਆਂ ਹਜ਼ਾਰਾਂ ਨਿਰਾਸ਼ ਕੀਮਤੀ ਜਾਨਾਂ ਬਚਾਉਣ ਲਈ ਵੱਡਾ ਦਾਨ ਹੈ ਅਤੇ ਇਕ ਦਿਮਾਗ਼ੀ ਤੌਰ 'ਤੇ ਮ੍ਰਿਤਕ ਇਨਸਾਨ ਦੇ ਸਮੇਂ ਸਿਰ ਦਾਨ ਕੀਤੇ ਅੰਗ ਬਹੁਤ ਸਾਰੇ ਮਰ ਰਹੇ ਵਿਅਕਤੀਆਂ ਨੂੰ ਬਚਾ ਸਕਦੇ ਹਨ। ਇਸ ਲਈ ਅੰਗਦਾਨ ਤੋਂ ਵੱਡਾ ਹੋਰ ਕੋਈ ਦਾਨ ਨਹੀਂ। ਇਸ ਲਈ ਲੋੜ ਪੈਣ 'ਤੇ ਉਹ ਆਪਣਾ ਇਹ ਅੰਗ ਲੋੜਵੰਦ ਨੂੰ ਸਵੈ-ਇੱਛਾ ਨਾਲ ਉਸ ਦੀ ਜਾਨ ਬਚਾਉਣ ਵਾਸਤੇ ਦੇ ਸਕਦਾ ਹੈ।



ਦਾਨ ਕੀਤੇ ਜਾਣ ਵਾਲੇ ਅੰਗ?

ਦਿਲ : ਉਨ੍ਹਾਂ ਲੋਕਾਂ ਲਈ, ਜੋ ਕਿਸੇ ਵਿਸ਼ਾਣੂ ਰੋਗ ਜਾਂ ਹੋਰ ਬਿਮਾਰੀ ਕਾਰਨ ਦਿਲ ਦੇ ਰੋਗ ਤੋਂ ਗ੍ਰਸਤ ਹੋਣ, ਨੂੰ ਦਾਨ ਕੀਤਾ ਗਿਆ ਦਿਲ ਜ਼ਿੰਦਗੀ ਜਾਂ ਮੌਤ ਵਿਚ ਫ਼ਰਕ ਪਾ ਸਕਦਾ ਹੈ।

ਫ਼ੇਫੜੇ : ਦਾਨ ਕੀਤੇ ਫੇਫੜੇ ਉਨ੍ਹਾਂ ਲੋਕਾਂ 'ਚ ਟਰਾਂਸਪਲਾਂਟ ਕੀਤੇ ਜਾ ਸਕਦੇ ਹਨ, ਜੋ ਸਿਸਟਿਕ ਫਾਈਬਰੋਸਿਸ ਵਰਗੇ ਫ਼ੇਫੜਿਆਂ ਦੇ ਭਿਆਨਕ ਰੋਗਾਂ ਤੋਂ ਪੀੜਤ ਹੋਣ।

ਗੁਰਦੇ : ਹਰੇਕ ਦਾਨੀ ਵੱਲੋਂ ਦਾਨ ਕੀਤੇ ਦੋ ਗੁਰਦੇ, ਦੋ ਵੱਖੋ-ਵੱਖਰੇ ਲੋੜਵੰਦਾਂ ਨੂੰ ਟਰਾਂਸਪਲਾਂਟ ਕੀਤੇ ਜਾ ਸਕਦੇ ਹਨ, ਜਿਨ੍ਹਾਂ ਨੂੰ ਆਮ ਜ਼ਿੰਦਗੀ ਜਿਉਂਣ ਲਈ ਸਿਰਫ਼ ਇਕ ਸਿਹਤਮੰਦ ਗੁਰਦੇ ਦੀ ਲੋੜ ਹੁੰਦੀ ਹੈ।

ਕੌਰਨੀਆ : 20 ਲੱਖ ਤੋਂ ਜ਼ਿਆਦਾ ਲੋਕ, ਅੱਖਾਂ ਦੇ ਪਾਰਦਰਸ਼ੀ ਪਰਦੇ ਖ਼ਰਾਬ ਹੋ ਜਾਣ ਕਾਰਨ ਅੰਨ੍ਹੇ ਹੋ ਜਾਂਦੇ ਹਨ ਅਤੇ ਅੱਜ ਵੀ ਹੋ ਰਹੇ ਹਨ। ਜਦੋਂ ਵੀ ਕਿਸੇ ਖ਼ਰਾਬ ਹੋਈ ਅੱਖ ਦੀ ਨਜ਼ਰ ਨੂੰ ਠੀਕ ਕਰਨ ਦੀ ਗੱਲ ਆਉਂਦੀ ਹੈ ਤਾਂ ਕੌਰਨਿਆਂ ਟਰਾਂਸਪਲਾਂਟ ਕੀਤੀ ਜਾਂਦੀ ਹੈ। ਇਸ ਨਾਲ ਬਹੁਤ ਸਾਰੇ ਅੰਨ੍ਹੇ ਵਿਅਕਤੀਆਂ ਨੂੰ ਰੌਸ਼ਨੀ ਪ੍ਰਦਾਨ ਕੀਤੀ ਜਾ ਸਕਦੀ ਹੈ।

ਹੱਡੀ : ਕਿਸੇ ਇਨਫੈਕਸ਼ਨ ਜਾਂ ਟਿਊਮਰ ਕਾਰਨ ਨਸ਼ਟ ਹੋਈ ਹੱਡੀ ਨੂੰ ਦਾਨ ਕੀਤੀ ਗਈ ਤੰਦਰੁਸਤ ਹੱਡੀ ਨਾਲ ਬਦਲਿਆ ਜਾ ਸਕਦਾ ਹੈ ਅਤੇ ਅੰਗ ਨੂੰ ਕੱਟਣ ਤੋਂ ਬਚਾਇਆ ਜਾ ਸਕਦਾ ਹੈ।

ਚਮੜੀ : ਦਾਨ ਕੀਤੀ ਗਈ ਚਮੜੀ ਨੂੰ ਬੁਰੀ ਤਰ੍ਹਾਂ ਸੜੇ ਵਿਅਕਤੀ ਅਤੇ ਪੱਟੀ ਕਰਨ ਲਈ ਵਰਤਿਆ ਜਾਂਦਾ ਹੈ ਤਾਂ ਕਿ ਜ਼ਖ਼ਮ ਛੇਤੀ ਭਰਨ 'ਚ ਮਦਦ ਮਿਲ ਸਕੇ।

ਦਿਲ ਦੇ ਵਾਲਵ : ਦਾਨ ਕੀਤੇ ਦਿਲ ਦੇ ਵਾਲਵ ਅਕਸਰ ਉਨ੍ਹਾਂ ਨਵ-ਜਨਮੇ ਬੱਚਿਆਂ ਨੂੰ ਦਿੱਤੇ ਜਾਂਦੇ ਹਨ, ਜਿਨ੍ਹਾਂ ਦੇ ਜਨਮ ਤੋਂ ਹੀ ਦਿਲ ਦੇ ਵਾਲਵ ਖ਼ਰਾਬ ਹੋਣ।

ਅੰਤੜੀ : ਦਾਨ ਕੀਤੀ ਗਈ ਅੰਤੜੀ ਨਵ-ਜਨਮੇ ਬੱਚੇ ਦੇ ਜਨਮ ਤੋਂ ਹੋਈ ਖ਼ਰਾਬੀ ਨੂੰ ਦੂਰ ਕਰਨ ਲਈ ਬਦਲੀ ਜਾਂਦੀ ਹੈ। ਇਸ ਤਰ੍ਹਾਂ ਇਕ ਜ਼ਿੰਦਗੀ ਨੂੰ ਸਮੇਂ ਤੋਂ ਪਹਿਲਾਂ ਮੌਤ ਦੇ ਮੂੰਹ ਵਿਚ ਜਾਣ ਤੋਂ ਬਚਾਇਆ ਜਾ ਸਕਦਾ ਹੈ।

ਕਦੋਂ ਕਰੀਏ ਅੰਗਦਾਨ?

ਅਸੀਂ ਜਿਉਂਦੇ ਜੀਅ ਆਪਣੇ ਖ਼ੂਨ ਦੇ ਰਿਸ਼ਤੇਦਾਰਾਂ ਜਿਵੇਂ, ਭੈਣ-ਭਰਾ, ਮਾਤਾ-ਪਿਤਾ ਅਤੇ ਬੱਚਿਆਂ ਨੂੰ ਆਪਣੇ ਅੰਗਦਾਨ ਕਰ ਸਕਦੇ ਹਾਂ। ਅਸੀਂ ਇਕ ਗੁਰਦਾ, ਜਿਗਰ ਜਾਂ ਹੱਡੀਆਂ ਦੀ ਮਿੱਝ (ਬੋਨ ਮੈਰੋ) ਦਾਨ 'ਚ ਦੇਣ ਦੇ ਬਾਵਜੂਦ ਬਿਨਾਂ ਕਿਸੇ ਸਰੀਰਕ ਹਾਨੀ ਦੇ ਪਹਿਲਾਂ ਵਾਂਗ ਸਿਹਤਮੰਦ ਜੀਵਨ ਬਤੀਤ ਕਰ ਸਕਦੇ ਹਾਂ।

ਕਿਵੇਂ ਕਰ ਸਕਦੇ ਹਾਂ ਅੰਗਦਾਨ?

ਜੇ ਮੌਤ ਤੋਂ ਬਾਅਦ ਕਿਸੇ ਵੀ ਅੰਗ ਦਾ ਦਾਨ ਕਰਨਾ ਚਾਹੁੰਦੇ ਹੋ ਤਾਂ ਆਪਣੇ ਸਥਾਨਕ ਹਸਪਤਾਲ ਤੋਂ ਇਸ ਬਾਰੇ ਜਾਣਕਾਰੀ ਪ੍ਰਾਪਤ ਕਰੋ ਕਿ ਤੁਸੀਂ ਅੰਗਦਾਨ ਲਈ ਆਪਣਾ ਨਾਂ ਕਿਵੇਂ ਦਰਜ ਕਰਵਾ ਸਕਦੇ ਹੋ? ਆਧੁਨਿਕ ਯੁੱਗ 'ਚ ਅਸੀਂ ਆਨਲਾਈਨ ਫਾਰਮ ਭਰ ਕੇ ਵੀ ਆਪਣਾ ਨਾਂ ਰਜਿਸਟਰਡ ਕਰਵਾ ਸਕਦੇ ਹਾਂ।

ਅਹਿਮ ਹੈ ਅੰਗਦਾਨ

ਅੰਗਦਾਨ ਅਹਿਮ ਹੈ। ਆਪਣੇ ਇਸ ਫ਼ੈਸਲੇ ਬਾਰੇ ਘਰ ਦੇ ਜੀਆਂ ਨੂੰ ਪਹਿਲਾਂ ਹੀ ਦੱਸ ਦੇਣਾ ਜ਼ਰੂਰੀ ਹੈ ਤਾਂ ਜੋ ਤੁਹਾਡੀ ਮੌਤ ਸਮੇਂ ਉਹ ਅੰਗਦਾਨ ਦੀ ਤੁਹਾਡੀ ਇੱਛਾ ਨੂੰ ਪੂਰੀ ਕਰ ਸਕਣ।

ਸ਼ਿਮਲਾ ਮਿਰਚ 'ਚ ਪਾਏ ਜਾਣ ਵਾਲੇ ਫਲੇਵਾਨਾਈਡਜ਼ ਦਿਲ ਦੀਆਂ ਕਈ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਇਹ ਸਰੀਰ 'ਚ ਆਇਰਨ ਦੀ ਕਮੀ ਨੂੰ ਪੂਰਾ ਕਰਨ 'ਚ ਵੀ ਮਦਦ ਕਰਦੀ ਹੈ...

ਸ਼ਿਮਲਾ ਮਿਰਚ ਦੇ ਫ਼ਾਇਦੇ

ਸ਼ਿਮਲਾ ਮਿਰਚ ਅਜਿਹੀ ਸਬਜ਼ੀ ਹੈ, ਜੋ ਚਾਈਨਿਜ਼, ਇਟਾਲੀਅਨ ਤੇ ਹਿੰਦੁਸਤਾਨੀ ਆਦਿ ਹਰ ਡਿਸ਼ 'ਚ ਵਰਤੀ ਜਾ ਸਕਦੀ ਹੈ। ਕੁਝ ਲੋਕਾਂ ਨੂੰ ਇਹ ਹਰੀ ਸਬਜ਼ੀ ਪਸੰਦ ਨਹੀਂ। ਜਿਨ੍ਹਾਂ ਲੋਕਾਂ ਨੂੰ ਸ਼ਿਮਲਾ ਮਿਰਚ ਪਸੰਦ ਨਹੀਂ ਹੈ, ਉਨ੍ਹਾਂ ਨੂੰ ਇਸ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਨਹੀਂ ਹੈ। ਸ਼ਿਮਲਾ ਮਿਰਚ ਦੇ ਸੇਵਨ ਨਾਲ ਤੁਸੀਂ ਖ਼ੁਦ ਨੂੰ ਚੁਸਤ-ਦਰੁੱਸਤ ਰੱਖ ਸਕਦੇ ਹੋ, ਕਿਉਂਕਿ ਇਹ ਸਿਹਤ ਲਈ ਬਹੁਤ ਲਾਭਕਾਰੀ ਹੈ। ਆਓ, ਜਾਣਦੇ ਹਾਂ ਸ਼ਿਮਲਾ ਮਿਰਚ ਦੇ ਸੇਵਨ ਨਾਲ ਹੋਣ ਵਾਲੇ ਫ਼ਾਇਦਿਆਂ ਬਾਰੇ :

ਪੌਸ਼ਕ ਤੱਤ

ਬੇਹੱਦ ਖ਼ੂਬਸੂਰਤ ਦਿੱਖ ਵਾਲੀ ਇਸ ਸਬਜ਼ੀ 'ਚ ਵਿਟਾਮਿਨ-ਏ, ਵਿਟਾਮਿਨ-ਸੀ, ਫਲੇਵਾਨਾਈਡਜ਼, ਅਲਕਲਾਈਡਜ਼ ਤੇ ਟੈਨਿਨਜ਼ ਆਦਿ ਪੌਸ਼ਕ ਤੱਤ ਹੁੰਦੇ ਹਨ। ਸ਼ਿਮਲਾ ਮਿਰਚ 'ਚ ਮੌਜੂਦ ਅਲਕਲਾਈਡਜ਼ ਐਂਟੀ-ਇੰਫਲਾਮੇਟਰੀ, ਅਨੈਲਜੈਸਿਕ ਅਤੇ ਐਂਟੀਆਕਸੀਡੈਂਟ ਦੀ ਤਰ੍ਹਾਂ ਕੰਮ ਕਰਦੇ ਹਨ।

ਦਿਲ ਰਹੇ ਤੰਦਰੁਸਤ

ਸ਼ਿਮਲਾ ਮਿਰਚ 'ਚ ਪਾਏ ਜਾਣ ਵਾਲੇ ਫਲੇਵਾਨਾਈਡਜ਼ ਕਈ ਦਿਲ ਦੀਆਂ ਕਈ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਇਹ ਪੂਰੇ ਸਰੀਰ 'ਚ ਆਕਸੀਜਨ ਦੀ ਸਪਲਾਈ ਬਿਹਤਰ ਤਰੀਕੇ ਨਾਲ ਕਰਦਾ ਹੈ, ਜਿਸ ਕਾਰਨ ਤੁਹਾਨੂੰ ਹਾਰਟ ਪੰਪਿਗ 'ਚ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਆਉਂਦੀ।

ਇਮਿਊਨਿਟੀ

ਸ਼ਿਮਲਾ ਮਿਰਚ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਰੱਖਦਾ ਹੈ। ਪਾਚਨ-ਤੰਤਰ ਨੂੰ ਮਜ਼ਬੂਤ ਰੱਖਣ ਦੇ ਨਾਲ-ਨਾਲ ਆਕਸੀਡੈਂਟਿਵ ਤਣਾਅ (ਸਟ੍ਰੈਸ) ਨੂੰ ਘੱਟ ਕਰਨ, ਸਾਹ ਅਤੇ ਕੈਂਸਰ ਜਿਹੀਆਂ ਬਿਮਾਰੀਆਂ ਤੋਂ ਬਚਾਅ ਕਰਦਾ ਹੈ।

ਖ਼ੂਨ ਦੀ ਕਮੀ

ਸ਼ਿਮਲਾ ਮਿਰਚ ਸਰੀਰ 'ਚ ਆਇਰਨ ਦੀ ਕਮੀ ਨੂੰ ਪੂਰਾ ਕਰਨ 'ਚ ਵੀ ਮਦਦ ਕਰਦੀ ਹੈ। ਦਰਅਸਲ ਸਰੀਰ 'ਚ ਆਇਰਨ ਦੀ ਪੂਰਤੀ ਲਈ ਵਿਟਾਮਿਨ-ਸੀ ਦੀ ਜ਼ਰੂਰਤ ਹੁੰਦੀ ਹੈ ਅਤੇ ਸ਼ਿਮਲਾ ਮਿਰਚ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ। ਇਸ ਲਈ ਇਸ ਦਾ ਸੇਵਨ ਕਰਨ ਨਾਲ ਵਿਟਾਮਿਨ-ਸੀ ਆਇਰਨ ਦੀ ਪੂਰਤੀ ਕਰ ਕੇ ਤੁਹਾਨੂੰ ਅਨੀਮੀਆ ਜਾਂ ਖ਼ੂਨ ਦੀ ਕਮੀ ਤੋਂ ਬਚਾਉਂਦਾ ਹੈ।

ਦਰਦ ਤੋਂ ਰਾਹਤ

ਸ਼ਿਮਲਾ ਮਿਰਚ ਕੁਦਰਤੀ ਦਰਦ-ਰੋਕੂ ਦਵਾਈ ਦਾ ਕੰਮ ਕਰਦੀ ਹੈ। ਜਿਹੜੇ ਲੋਕ ਇਸ ਦਾ ਸੇਵਨ ਕਰਦੇ ਹਨ, ਉਨ੍ਹਾਂ ਨੂੰ ਜਲਦੀ ਕੀਤਿਆਂ ਕਿਸੇ ਕਿਸਮ ਦੀ ਦਰਦ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਇਸ 'ਚ ਮੌਜੂਦ ਪੌਸ਼ਕ ਤੱਤ ਦਰਦ ਨੂੰ ਸਪਾਈਨਲ ਕਾਰਡ ਤਕ ਜਾਣ ਤੋਂ ਰੋਕਦੇ ਹਨ।

ਭਾਰ ਘਟਾਉਣ 'ਚ ਮਦਦਗਾਰ

ਸ਼ਿਮਲਾ ਮਿਰਚ 'ਚ ਕੈਲੋਰੀ ਘੱਟ ਹੁੰਦੀ ਹੈ, ਜਿਸ ਕਾਰਨ ਇਸ ਦਾ ਸੇਵਨ ਕਰਨ ਨਾਲ ਭਾਰ ਵਧਣ ਦੀ ਸੰਭਾਵਨਾ ਕਾਫ਼ੀ ਘੱਟ ਹੁੰਦੀ ਹੈ, ਇਸ ਦੇ ਨਾਲ ਇਹ ਸਰੀਰ ਦੇ ਮੈਟਾਬੋਲਿਜ਼ਮ ਨੂੰ ਵੀ ਚੁਸਤ-ਦਰੁਸਤ ਬਣਾਉਂਦੀ ਹੈ।

ਚਮੜੀ ਦਾ ਰੱਖੋ ਖ਼ਿਆਲ

ਚਮੜੀ ਦੀ ਦੇਖਭਾਲ ਠੀਕ ਢੰਗ ਨਾਲ ਨਾ ਕੀਤੀ ਜਾਵੇ ਤਾਂ ਝੁਰੜੀਆਂ, ਛਾਈਆਂ, ਕਿੱਲ ਕਈ ਤਕਲੀਫ਼ਾਂ ਸਾਡੀ ਦਿੱਖ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਚਮੜੀ ਦੇ ਖੁੱਲ੍ਹੇ ਰੋਮਾਂ ਦੀ ਜੇ ਠੀਕ ਢੰਗ ਨਾਲ ਸਫ਼ਾਈ ਨਾ ਕੀਤੀ ਜਾਵੇ ਤਾਂ ਚਮੜੀ ਦੀ ਸੁੰਦਰਤਾ ਬੇਕਾਰ ਹੋ ਜਾਂਦੀ ਹੈ। ਜੇ ਚਮੜੀ ਸਿਹਤਮੰਦ ਹੋਵੇ ਤਾਂ ਉਮਰ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ। ਕੁਝ ਨੁਕਤਿਆਂ ਨੂੰ ਅਪਣਾ ਕੇ ਅਸੀਂ ਚਮੜੀ ਦੀ ਠੀਕ ਦੇਖਭਾਲ ਕਰ ਸਕਦੇ ਹਾਂ :

ਚਮੜੀ ਦੀ ਸਫ਼ਾਈ

ਜੇ ਚਮੜੀ ਦੀ ਦੇਖਭਾਲ ਸਹੀ ਢੰਗ ਨਾਲ ਕੀਤੀ ਜਾਵੇ ਤਾਂ ਇਸ 'ਤੇ ਵਧਦੀ ਉਮਰ ਅਤੇ ਤਣਾਅ ਦਾ ਅਸਰ ਨਹੀਂ ਹੁੰਦਾ। ਚਮੜੀ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿਓ। ਇਸ ਲਈ ਵਧੀਆ ਕਲਿੰਜ਼ਰ ਦੀ ਵਰਤੋਂ ਕਰੋ। ਕਲਿੰਜ਼ਰ ਹਮੇਸ਼ਾ ਆਪਣੀ ਚਮੜੀ ਅਨੁਸਾਰ ਹੀ ਇਸਤੇਮਾਲ ਕਰੋ। ਦਹੀਂ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ। ਚਮੜੀ ਨੂੰ ਸਾਫ਼ ਰੱਖਣ ਲਈ ਦਿਨ 'ਚ ਦੋ ਵਾਰ ਨਹਾਉਣਾ ਚਾਹੀਦਾ ਹੈ।

ਖਾਣ-ਪੀਣ ਦਾ ਰੱਖੋ ਧਿਆਨ

ਆਪਣੇ ਖਾਣ-ਪੀਣ ਦੀਆਂ ਆਦਤਾਂ ਵੱਲ ਧਿਆਨ ਦਿਓ। ਫਲ, ਸਲਾਦ ਆਦਿ ਦੀ ਜ਼ਿਆਦਾ ਵਰਤੋਂ ਕਰੋ। ਵਿਟਾਮਿਨ-ਸੀ ਖ਼ੂਨ ਨੂੰ ਸਾਫ਼ ਕਰਦਾ ਹੈ। ਇਸ ਲਈ ਅੰਗੂਰ, ਸੰਤਰਾ, ਹਰੀਆਂ ਸਬਜ਼ੀਆਂ ਖਾਓ। ਤਾਜ਼ੀਆਂ ਸਬਜ਼ੀਆਂ ਅਤੇ ਦੁੱਧ ਤੋਂ ਵਿਟਾਮਿਨ-ਬੀ ਮਿਲਦਾ ਹੈ, ਜਿਹੜਾ ਚਮੜੀ ਨੂੰ ਸੁੰਦਰ ਬਣਾਉਂਦਾ ਹੈ। ਡਾਕਟਰ ਦੀ ਸਲਾਹ ਅਨੁਸਾਰ ਓਮੇਗਾ ਥ੍ਰੀ ਫੈਟੀ ਐਸਿਡ ਤੇ ਜ਼ਰੂਰੀ ਵਿਟਾਮਿਨਜ਼ ਦੇ ਕੈਪਸੂਲ ਖਾਧੇ ਜਾ ਸਕਦੇ ਹਨ।

ਧੁੱਪ ਤੋਂ ਬਚਾਅ

ਜ਼ਿਆਦਾ ਦੇਰ ਧੁੱਪ ਵਿਚ ਰਹਿਣ ਨਾਲ ਚਮੜੀ ਝੁਲਸ ਜਾਂਦੀ ਹੈ। ਸੂਰਜ ਦੀਆਂ ਕਿਰਨਾਂ ਤੋਂ ਬਚਣ ਲਈ ਵਧੀਆ ਸਨਸਕ੍ਰੀਨ ਵਰਤੋ। ਧਿਆਨ ਰੱਖੋ ਕਿ ਸਨਸਕ੍ਰੀਨ ਲੋਸ਼ਨ ਸਿਰਫ਼ ਤਿੰਨ ਘੰਟੇ ਤਕ ਸਹੀ ਕੰਮ ਕਰਦਾ ਹੈ। ਜੇ ਜ਼ਿਆਦ ਸਮਾਂ ਧੁੱਪ 'ਚ ਰਹਿਣਾ ਪਵੇ ਤਾਂ ਤਿੰਨ ਘੰਟੇ ਬਾਅਦ ਦੁਬਾਰਾ ਸਨਸਕ੍ਰੀਨ ਦੀ ਵਰਤੋਂ ਕਰੋ।

ਕਸਰਤ

ਕਸਰਤ ਵੀ ਚਮੜੀ ਨੂੰ ਸਿਹਤਮੰਦ ਰੱਖਦੀ ਹੈ। ਇਸ ਲਈ ਰੋਜ਼ਾਨਾ ਕਸਰਤ ਤੇ ਸੈਰ ਜ਼ਰੂਰ ਕਰੋ। ਕਸਰਤ ਦੀ ਚੋਣ ਕਰਦਿਆਂ ਇਸ ਗੱਲ ਦਾ ਖ਼ਾਸ ਧਿਆਨ ਰੱਖੋ ਕਿ ਬਹੁਤ ਜ਼ਿਆਦਾ ਸਖ਼ਤ ਕਸਰਤ ਨਾ ਕਰੋ।

ਜ਼ਿਆਦਾ ਪਾਣੀ ਪੀਓ

ਚਮੜੀ ਨੂੰ ਤਾਜ਼ਾ ਰੱਖਣ ਲਈ ਪਾਣੀ ਦਾ ਬੜਾ ਮਹੱਤਵ ਹੈ। ਦਿਨ 'ਚ ਜ਼ਿਆਦਾ ਪਾਣੀ ਪੀਓ। ਚਾਹ, ਕੌਫੀ ਆਦਿ ਪਦਾਰਥਾਂ ਦੀ ਵਰਤੋਂ ਘੱਟ ਮਾਤਰਾ 'ਚ ਕਰੋ।

ਕਸਰਤ ਵੀ ਚਮੜੀ ਨੂੰ ਸਿਹਤਮੰਦ ਰੱਖਦੀ ਹੈ। ਇਸ ਲਈ ਰੋਜ਼ਾਨਾ ਕਸਰਤ ਤੇ ਸੈਰ ਜ਼ਰੂਰ ਕਰੋ। ਜੇ ਇਹ ਸਿਹਤਮੰਦ ਹੋਵੇ ਤਾਂ ਉਮਰ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਜਾਂਦਾ...

ਆਧੁਨਿਕ ਜੀਵਨਸ਼ੈਲੀ ਦਾ ਪਾਚਨ ਤੰਤਰ 'ਤੇ ਪ੍ਰਭਾਵ

ਡਾ. ਅਰਮਿਤਾ ਸੀ ਰਾਜ
ਐਮਡੀ (ਆਯੁਰਵੇਦ)

ਆਧੁਨਿਕ ਸਮੇਂ ਵਿਚ ਬਦਲਦੀ ਜੀਵਨ ਸ਼ੈਲੀ, ਖਾਣ-ਪੀਣ ਦੀਆਂ ਸਿਹਤ ਵਿਗਾੜੂ ਆਦਤਾਂ, ਦੂਸ਼ਿਤ ਵਾਤਾਵਰਣ ਅਤੇ ਕਠਿਨ ਮੁਕਾਬਲਾ ਅਤੇ ਮੁਕਾਬਲੇਬਾਜ਼ੀ ਤਣਾਅ ਦਾ ਪਾਚਨ ਤੰਤਰ 'ਤੇ ਮਾੜਾ ਅਸਰ ਪਾ ਰਿਹਾ ਹੈ।

ਆਯੁਰਵੇਦ ਵਿਚ ਵਰਨਣ ਜੀਵਨਸ਼ੈਲੀ ਅਤੇ ਖਾਣ-ਪੀਣ ਨਾਲ ਸਬੰਧਿਤ ਜਾਣਕਾਰੀਆਂ ਵਿਸ਼ਵ ਸਿਹਤ ਸੰਗਠਨ ਦੀ ਸਿਹਤ ਦੀ ਪਰਿਭਾਸ਼ਾ ਨਾਲ ਮਿਲਦੀਆਂ-ਜੁਲਦੀਆਂ ਹਨ। ਸੱਚ ਤਾਂ ਇਹ ਹੈ ਕਿ ਚੰਗੀ ਸਿਹਤ ਪਾਚਨ ਤੰਤਰ 'ਤੇ ਨਿਰਭਰ ਹੈ।

ਕਾਰਣਾਂ ਨੂੰ ਸਮਝੋ

ਅਜਿਹੇ ਕਈ ਕਾਰਣ ਹੈ, ਜਿਨ੍ਹਾਂ ਕਰਕੇ ਲੋਕਾਂ ਦਾ ਪਾਚਨ ਤੰਤਰ (ਡਾਇਜੈਸਟਿਵ ਸਿਸਟਮ) ਖ਼ਰਾਬ ਹੋ ਰਿਹਾ ਹੈ। ਜਿਵੇਂ..

ਜੰਕ ਫੂਡਜ਼ ਅਤੇ ਫਾਸਟ ਫੂਡਜ਼ ਦੀ ਵਰਤੋਂ : ਇਸ ਨੂੰ ਅਣਦੇਖੀ ਹੀ ਕਹਾਂਗੇ ਕਿ ਆਧੁਨਿਕਤਾ ਦੇ ਨਾਮ 'ਤੇ ਸ਼ਾਪਿੰਗ ਮਾਲ ਕਲਚਰ ਦੇ ਕਾਰਣ ਭੋਜਨ ਦੇ ਪੌਸ਼ਕ ਤੱਤਾਂ ਅਤੇ ਗੁਣਵੱਤਾ 'ਤੇ ਧਿਆਨ ਕੇਂਦਰਿਤ ਨਾ ਕਰਕੇ ਡੱਬਾਬੰਦ ਪ੍ਰੋਸੈਸਡ ਫੂਡਜ਼, ਪਿੱਜ਼ਾ, ਨੂਡਲਜ਼ ਅਤੇ ਬਰਗਰ ਆਦਿ ਨੂੰ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਕਾਫ਼ੀ ਪਸੰਦ

ਕਲਿਆਣ ਜਵੈਲਰਜ਼ ਆਪਣੇ ਨਵੇਂ ਸ਼ੋਅਰੂਮ ਨਾਲ ਪਠਾਨਕੋਟ ਵਿੱਚ ਸ਼ੁਰੂਆਤ ਕਰੇਗਾ

ਪਠਾਨਕੋਟ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਸਭ ਤੋਂ ਭਰੋਸੇਮੰਦ ਅਤੇ ਮੋਹਰੀ ਗਹਿਣਿਆਂ ਦੇ ਬ੍ਰਾਂਡਾਂ ਵਿੱਚੋਂ ਇੱਕ, ਕਲਿਆਣ ਜਵੈਲਰਜ਼ ਨੇ ਅੱਜ ਐਲਾਨ ਕੀਤਾ ਕਿ ਉਹ ਪਠਾਨਕੋਟ ਵਿੱਚ ਆਈ ਲਵ ਪਠਾਨਕੋਟ ਗੇਟ, ਡਲਹੌਜ਼ੀ ਰੋਡ ਦੇ ਨੇੜੇ ਇੱਕ ਬਿਲਕੁਲ ਨਵਾਂ ਸ਼ੋਅਰੂਮ ਲਾਂਚ ਕਰੇਗਾ। ਬਾਲੀਵੁੱਡ ਅਦਾਕਾਰਾ ਮਲਾਇਕਾ ਅਰੋੜਾ 16 ਜਨਵਰੀ (ਬੁੱਧਵਾਰ) ਨੂੰ ਬਿਲਕੁਲ ਨਵੇਂ ਸ਼ੋਅਰੂਮ ਦਾ ਉਦਘਾਟਨ ਕਰੇਗੀ। ਵਰਤਮਾਨ ਵਿੱਚ, ਗਹਿਣਿਆਂ ਦਾ ਬ੍ਰਾਂਡ ਰਾਜ ਦੇ ਸਾਰੇ ਪ੍ਰਮੁੱਖ ਬਾਜ਼ਾਰਾਂ ਵਿੱਚ ਮੌਜੂਦ ਹੈ - ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਬਰਨਾਲਾ, ਪਟਿਆਲਾ, ਮੋਹਾਲੀ, ਚੰਡੀਗੜ੍ਹ ਅਤੇ ਹੋਰ। ਸ਼ੋਅਰੂਮ ਵਿੱਚ ਕਲਿਆਣ ਜਵੈਲਰਜ਼ ਦੇ ਗਹਿਣਿਆਂ ਦੇ ਸੰਗ੍ਰਹਿ ਤੋਂ ਡਿਜ਼ਾਈਨ ਦੀ ਇੱਕ ਵਿਸ਼ਾਲ ਸ਼੍ਰੇਣੀ ਪੇਸ਼ ਕੀਤੀ ਜਾਵੇਗੀ, ਜੋ ਇੱਕ ਵਿਸ਼ਵ ਪੱਧਰੀ ਮਾਹੌਲ ਵਿੱਚ ਪੇਸ਼ ਕੀਤੀ ਗਈ ਹੈ। ਨਵੇਂ ਸ਼ੋਅਰੂਮ ਲਾਂਚ 'ਤੇ ਟਿੱਪਣੀ ਕਰਦੇ ਹੋਏ, ਕਲਿਆਣ ਜਵੈਲਰਜ਼ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਰਮੇਸ਼ ਕਲਿਆਣਰਮਨ ਨੇ ਕਿਹਾ, ਇੱਕ ਕੰਪਨੀ ਦੇ ਰੂਪ ਵਿੱਚ, ਅਸੀਂ ਵੱਡੇ ਮੀਲ ਪੱਥਰ ਪ੍ਰਾਪਤ ਕੀਤੇ ਹਨ ਅਤੇ ਗਾਹਕਾਂ ਦੇ ਖਰੀਦਦਾਰੀ ਅਨੁਭਵ ਨੂੰ ਵਧਾਉਣ ਲਈ ਇੱਕ ਸੰਪੂਰਨ ਈਕੋਸਿਸਟਮ ਬਣਾਉਣ ਵੱਲ ਵੱਡੀਆਂ ਤਰੱਕੀਆਂ ਕੀਤੀਆਂ ਹਨ। ਪੰਜਾਬ ਰਾਜ ਕਲਿਆਣ ਜਵੈਲਰਜ਼ ਬ੍ਰਾਂਡ ਲਈ ਸਭ ਤੋਂ ਮਹੱਤਵਪੂਰਨ ਬਾਜ਼ਾਰਾਂ ਵਿੱਚੋਂ ਇੱਕ ਹੈ। ਸਾਲਾਂ ਤੋਂ, ਅਸੀਂ ਇਸ ਖੇਤਰ ਵਿੱਚ ਆਪਣੀ ਮੌਜੂਦਗੀ ਨੂੰ ਰਣਨੀਤਕ ਤੌਰ 'ਤੇ ਵਧਾਉਣ 'ਤੇ ਲਗਾਤਾਰ ਧਿਆਨ ਕੇਂਦਰਿਤ ਕੀਤਾ ਹੈ। ਸਾਡਾ ਮੰਨਣਾ ਹੈ ਕਿ ਪਠਾਨਕੋਟ ਵਿੱਚ ਆਉਣ ਵਾਲਾ ਸ਼ੋਅਰੂਮ ਲਾਂਚ ਸਾਨੂੰ ਮਾਰਕੀਟ ਸ਼ੇਅਰ ਨੂੰ ਮਜ਼ਬੂਤ ਕਰਨ ਦੇ ਯੋਗ ਬਣਾਏਗਾ, ਨਾਲ ਹੀ ਗਾਹਕਾਂ ਨੂੰ ਸਹੂਲਤ ਅਤੇ ਪਹੁੰਚਯੋਗਤਾ ਪ੍ਰਦਾਨ ਕਰੇਗਾ।

ਲਾਂਚ ਦਾ ਜਸ਼ਨ ਮਨਾਉਂਦੇ ਹੋਏ, ਕਲਿਆਣ ਜਵੈਲਰਜ਼ ਨੇ ਕਲਿਆਣ ਸਪੈਸ਼ਲ ਗੋਲਡ ਬੋਰਡ ਰੇਟ ਦੇ ਨਾਲ 0% ਮੇਕਿੰਗ ਚਾਰਜ* ਦਾ ਐਲਾਨ ਕੀਤਾ ਹੈ - ਜੋ ਕਿ ਬਾਜ਼ਾਰ ਵਿੱਚ ਸਭ ਤੋਂ ਘੱਟ ਹੈ ਅਤੇ ਸਾਰੇ ਕੰਪਨੀ ਸ਼ੋਅਰੂਮਾਂ ਵਿੱਚ ਮਿਆਰੀ ਹੈ - ਇਹਨਾਂ ਗਹਿਣਿਆਂ ਦੀ ਖਰੀਦ 'ਤੇ ਲਾਗੂ ਹੋਵੇਗਾ। ਇਹ ਪੇਸ਼ਕਸ਼ਾਂ ਸਿਰਫ ਸੀਮਤ ਸਮੇਂ ਲਈ ਵੈਧ ਹਨ।

ਕਲਿਆਣ ਜਵੈਲਰਜ਼ ਵਿਖੇ ਪ੍ਰਚੂਨ ਕੀਤੇ ਜਾਣ ਵਾਲੇ ਸਾਰੇ ਗਹਿਣੇ BIS ਹਾਲਮਾਰਕ ਕੀਤੇ ਗਏ ਹਨ ਅਤੇ ਕਈ ਸ਼ੁੱਧਤਾ ਟੈਸਟਾਂ ਵਿੱਚੋਂ ਲੰਘਦੇ ਹਨ। ਸਰਪ੍ਰਸਤਾਂ ਨੂੰ ਕਲਿਆਣ ਜਵੈਲਰਜ਼ 4-ਪੱਧਰੀ ਭਰੋਸਾ ਸਰਟੀਫਿਕੇਟ ਵੀ ਪ੍ਰਾਪਤ ਹੋਵੇਗਾ, ਜੋ ਸ਼ੁੱਧਤਾ ਦੀ ਗਰੰਟੀ ਦਿੰਦਾ ਹੈ, ਗਹਿਣਿਆਂ ਦੀ ਮੁਫਤ ਜੀਵਨ ਭਰ ਦੇਖਭਾਲ, ਵਿਸਤ੍ਰਿਤ ਉਤਪਾਦ ਜਾਣਕਾਰੀ, ਅਤੇ ਪਾਰਦਰਸ਼ੀ ਐਕਸਚੇਂਜ ਅਤੇ ਖਰੀਦ-ਵਾਪਸੀ ਨੀਤੀਆਂ। ਇਹ ਪ੍ਰਮਾਣੀਕਰਣ ਬ੍ਰਾਂਡ ਦੀ ਆਪਣੇ ਵਫ਼ਾਦਾਰ ਗਾਹਕਾਂ ਨੂੰ ਸਭ ਤੋਂ ਵਧੀਆ ਪੇਸ਼ਕਸ਼ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸ਼ੋਅਰੂਮ ਵਿੱਚ ਕਲਿਆਣ ਦੇ ਪ੍ਰਸਿੱਧ ਘਰੇਲੂ ਬ੍ਰਾਂਡ ਵੀ ਹੋਣਗੇ, ਜਿਨ੍ਹਾਂ ਵਿੱਚ ਮੁਹੂਰਤ (ਵਿਆਹ ਦੇ ਗਹਿਣਿਆਂ ਦੀ ਲਾਈਨ), ਮੁਧਰਾ (ਹਸਤਕਾਰੀ ਐਂਟੀਕ ਗਹਿਣੇ), ਨਿਮਾਹ (ਮੰਦਰ ਦੇ ਗਹਿਣੇ), ਗਲੋ (ਡਾਂਸਿੰਗ ਡਾਇਮੰਡਸ), ਜ਼ਿਆ (ਸੋਲੀਟੇਅਰ ਵਰਗੇ ਡਾਇਮੰਡ ਜਵੈਲਰੀ), ਅਨੋਖੀ (ਅਨਕੱਟ ਡਾਇਮੰਡਸ), ਅਪੂਰਵਾ (ਖਾਸ ਮੌਕਿਆਂ ਲਈ ਹੀਰੇ), ਅੰਤਰਾ (ਵਿਆਹ ਦੇ ਹੀਰੇ), ਹੇਰਾ (ਡੇਲੀ ਵੇਅਰ ਡਾਇਮੰਡਸ), ਰੰਗ (ਕੀਮਤੀ ਪੱਥਰਾਂ ਦੇ ਗਹਿਣੇ), ਅਤੇ ਹਾਲ ਹੀ ਵਿੱਚ ਲਾਂਚ ਕੀਤੇ ਗਏ ਲੀਲਾ (ਰੰਗੀਨ ਪੱਥਰ ਅਤੇ ਡਾਇਮੰਡ ਜਵੈਲਰੀ) ਸ਼ਾਮਲ ਹਨ।

ਮਾਘੀ ਕਾਨਫਰੰਸ ਲਈ ਬਠਿੰਡਾ ਤੋਂ ਰਵਾਨਾ ਹੋਵੇਗਾ ਵੱਡਾ ਕਾਫਲਾ : ਬਬਲੀ ਢਿੱਲ

ਬਠਿੰਡਾ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

40 ਮੁਕਤਿਆਂ ਦੀ ਧਰਤੀ ਸ੍ਰੀ ਮੁਕਤਸਰ ਸਾਹਿਬ ਵਿਖੇ 16 ਜਨਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਈ ਜਾ ਰਹੀ ਮਾਘੀ ਕਾਨਫਰੰਸ ਲਈ ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦਾ ਵੱਡਾ ਕਾਫਲਾ ਰਵਾਨਾ ਹੋਵੇਗਾ। ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਦੇ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ ਨੇ ਦੱਸਿਆ ਕਿ ਮਾਘੀ ਕਾਨਫਰੰਸ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰ ਬਠਿੰਡਾ ਸ਼ਹਿਰੀ ਤੋਂ ਬੱਸਾਂ ਅਤੇ ਕਾਰਾਂ ਦੇ ਕਾਫਲੇ ਵਿੱਚ ਰਵਾਨਾ ਹੋਣਗੇ। ਉਨ੍ਹਾਂ ਕਿਹਾ ਕਿ ਮਾਘੀ ਕਾਨਫਰੰਸ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਵਿਸ਼ਾਲ ਇਕੱਠ ਇਤਿਹਾਸ ਸਿਰਜੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਅਤੇ ਪੰਜਾਬੀਅਤ ਦੀ ਬਿਹਤਰੀ ਲਈ ਕੰਮ ਕੀਤਾ ਹੈ। ਹਲਕਾ ਇੰਚਾਰਜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਮਜਬੂਤੀ ਵੱਲ ਵੱਧ ਰਿਹਾ ਹੈ ਅਤੇ ਮਾਘੀ ਕਾਨਫਰੰਸ ਵਿੱਚ ਇਸ ਦੀ ਸ਼ਾਨ ਦੇਖਣ ਨੂੰ ਮਿਲੇਗੀ। ਅਕਾਲੀ ਆਗੂ ਨੇ ਕਿਹਾ ਕਿ ਬਿਨਾਂ ਸ਼ੱਕ ਵਿਰੋਧੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਸਾਜ਼ਿਸ਼ਾਂ ਰਚੀਆਂ ਗਈਆਂ, ਪਰ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਆਪਣੇ ਅਕਾਲੀ ਯੋਧਿਆਂ ਦੀ ਮਦਦ ਨਾਲ ਸਾਰੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਲੋਕਪ੍ਰਿਅਤਾ ਨੂੰ ਦੇਖ ਕੇ ਵਿਰੋਧੀ ਘਬਰਾ ਗਏ ਹਨ, ਜਿਨ੍ਹਾਂ ਵੱਲੋਂ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ, ਪਰ ਮਾਘੀ ਕਾਨਫ਼ਰੰਸ ਵਿੱਚ ਹੋਣ ਵਾਲਾ ਵਿਸ਼ਾਲ ਇਕੱਠ ਆਪਣੇ-ਆਪ ਉਕਤ ਵਿਰੋਧੀਆਂ ਨੂੰ ਮੂੰਹ ਤੋੜ ਜਵਾਬ ਦੇਵੇਗਾ। ਉਨ੍ਹਾਂ ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਸਮੇਤ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪੰਜਾਬ ਅਤੇ ਪੰਜਾਬੀਅਤ ਦੀ ਬਿਹਤਰੀ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣ, ਤਾਂ ਜੋ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ ਪੰਜਾਬ ਬਣਾਇਆ ਜਾ ਸਕੇ, ਹਰ ਘਰ ਵਿੱਚ ਰੁਜ਼ਗਾਰ ਹੋਵੇ ਅਤੇ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਵਰਗੀ ਲਾਹਨਤ ਨੂੰ ਮਿਟਾਇਆ ਜਾ ਸਕੇ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸੰਘਰਸ਼ੀ ਯੋਧਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮਾਘੀ ਕਾਨਫਰੰਸ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ, ਤਾਂ ਜੋ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਹੱਥ ਮਜ਼ਬੂਤ ਕਰਕੇ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਹੋ ਰਹੀਆਂ ਸਾਜ਼ਿਸ਼ਾਂ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਲੋਹੜੀ ਦਾ ਤਿਉਹਾਰ ਮਨਾਇਆ

ਪਟਿਆਲਾ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਅੱਜ ਬੜੀ ਧੁਮ ਧਾਮ ਨਾਲ ਲੋਹੜੀ ਦਾ ਤਿਉਹਾਰ ਅਤੇ ਰਾਸ਼ਟਰੀ ਯੁਵਾ ਦਿਵਸ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀ ਜਤਿਨ, ਅਨਮੋਲ, ਕਿਰਤਵੀਰ ਕੌਰ, ਮੰਨਤ ਅਤੇ ਪ੍ਰਭਜੋਤ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਅਜੋਕੇ ਯੁੱਗ ਵਿੱਚ ਮੁੰਡਿਆਂ ਦੀ ਲੋਹੜੀ ਦੇ ਨਾਲ-ਨਾਲ ਕੁੜੀਆਂ ਦੀ ਲੋਹੜੀ ਦਾ ਤਿਉਹਾਰ ਵੀ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਲਈ ਕਈ ਪ੍ਰਕਾਰ ਦੀਆਂ ਖੇਡਾਂ ਦਾ ਆਯੋਜਨ ਵੀ ਕੀਤਾ ਗਿਆ। ਸਕੂਲ ਦੇ ਸੀਨੀਅਰ ਅਧਿਆਪਕ ਸ੍ਰੀ ਹਰਪ੍ਰੀਤ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਮੂੰਗਫਲੀ ਅਤੇ ਗੱਚਕ ਵੰਡ ਕੇ ਇਸ ਮੌਕੇ ਖੁਸ਼ੀ ਮਹਿਸੂਸ ਕੀਤੀ। ਵਿਦਿਆਰਥੀਆਂ ਵੱਲੋਂ ਸਵਾਮੀ ਵਿਵੇਕਾਨੰਦ ਜੀ ਨੂੰ ਵੀ ਯਾਦ ਕੀਤਾ ।

ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਗੀਨਾ ਨੇ ਵਿਸ਼ੇਸ਼ ਸ਼ਿਰਕਤ ਕਰਕੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਅਤੇ ਸਾਰਾ ਸਟਾਫ ਮੌਜੂਦ ਸੀ।

ਵਿਦਿਆਰਥੀਆਂ ਦੀ ਸਕੂਲਾਂ 'ਚ ਆਵਾਜਾਈ ਸੁਰੱਖਿਆ ਯਕੀਨੀ ਬਣਾਈ ਜਾਵੇ : ਐਸ.ਡੀ.ਐਮ

ਪਟਿਆਲਾ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਿਦਿਆਰਥੀਆਂ ਦੇ ਸਕੂਲਾਂ 'ਚ ਆਉਣ-ਜਾਣ ਨੂੰ ਸੁਰੱਖਿਅਤ ਬਨਾਉਣ ਲਈ ਲਾਗੂ ਕੀਤੀ ਗਈ 'ਸੇਫ਼ ਸਕੂਲ ਵਾਹਨ ਪਾਲਿਸੀ' ਦੇ ਸਬੰਧ 'ਚ ਸਬ ਡਵੀਜ਼ਨ ਦੂਧਨਸਾਧਾਂ ਅੰਦਰ ਪੈਂਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਨਾਲ ਐਸ.ਡੀ.ਐਮ ਦੂਧਨਸਾਧਾਂ ਕ੍ਰਿਪਾਲਵੀਰ ਸਿੰਘ ਨੇ ਇੱਕ ਮੀਟਿੰਗ ਕਰਕੇ ਇਸ ਨੀਤੀ ਨੂੰ ਲਾਗੂ ਕੀਤੇ ਜਾਣ ਦਾ ਜਾਇਜ਼ਾ ਲਿਆ। ਮੀਟਿੰਗ 'ਚ ਸਮੂਹ ਪ੍ਰਿੰਸੀਪਲ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਾਇਮਰੀ ਤੇ ਸੈਕੰਡਰੀ ਹਾਜ਼ਰ ਸਨ।

ਬੈਠਕ ਦੌਰਾਨ ਐਸ.ਡੀ.ਐਮ ਕ੍ਰਿਪਾਲਵੀਰ ਸਿੰਘ ਨੇ ਸਮੂਹ ਸਕੂਲ ਮੁਖੀਆਂ ਨੂੰ ਸੇਫ਼ ਸਕੂਲ ਵਾਹਨ ਸਕੀਮ ਤਹਿਤ ਹਦਾਇਤਾਂ ਦੀਆਂ ਕਾਪੀਆਂ ਸੌਂਪਦੇ ਹੋਏ ਸਖ਼ਤ ਹਦਾਇਤ ਕੀਤੀ ਕਿ ਸਕੂਲ ਜਾਂਦੇ ਬੱਚਿਆਂ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਵੇ ਅਤੇ ਬੱਚਿਆਂ ਨੂੰ ਘਰ ਤੋ ਸਕੂਲ ਅਤੇ ਸਕੂਲ ਤੋ ਘਰ ਸੇਫ਼ ਵਾਹਨ ਰਾਹੀਂ ਲਿਜਾਇਆ ਜਾਵੇ।

ਹਾਜ਼ਰ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੇ ਸਕੂਲਾਂ ਵਿੱਚ ਇਹ ਵੀ ਧਿਆਨ ਵਿੱਚ ਰੱਖਣ ਕਿ ਕੋਈ ਵੀ ਨਾਬਾਲਗ ਬੱਚਾ ਬਿਨਾਂ ਲਾਇਸੰਸ ਤੋ ਮੋਟਰ ਵਹੀਕਲ ਜਾਂ ਕੋਈ ਹੋਰ ਸਾਧਨ ਸਕੂਲ ਵਿੱਚ ਲੈ ਕੇ ਆਉਂਦਾ ਹੈ ਤਾਂ ਉਸ ਦੇ ਅਤੇ ਉਸ ਤੇ ਮਾਤਾ ਪਿਤਾ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਸਬੰਧਿਤ ਟਰੈਫ਼ਿਕ ਇੰਚਾਰਜ ਨੂੰ ਤੁਰੰਤ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ 'ਸੇਫ਼ ਸਕੂਲ ਵਾਹਨ ਪਾਲਿਸੀ' ਨੂੰ ਲਾਗੂ ਕਰਨ ਵਿੱਚ ਜੇਕਰ ਕਿਸੇ ਸਕੂਲ ਵੱਲੋਂ ਕੋਈ ਅਣਗਹਿਲੀ ਕੀਤੀ ਗਈ, ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਕਲਾਸ ਫੌਰਥ ਗੌਰਮਿੰਟ ਇੰਪਲਾਈਜ਼ ਯੂਨੀਅਨ, ਰਾਜਿੰਦਰਾ ਹਸਪਤਾਲ ਵੱਲੋਂ ਲੋਹੜੀ ਦਾ ਤਿਉਹਾਰ ਮਨਾਇਆ ਗਿਆ

ਪਟਿਆਲਾ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਇਥੇ ਸ੍ਰੀ ਰਾਜੇਸ਼ ਕੁਮਾਰ ਗੌਲੂ ਪ੍ਰਧਾਨ ਦੀ ਕਲਾਸ ਫੌਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਰਾਜਿੰਦਰਾ ਹਸਪਤਾਲ ਪਟਿਆਲਾ ਦੀ ਅਗਵਾਈ ਵਿੱਚ ਯੂਨੀਅਨ ਦਫ਼ਤਰ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ ਇਸ ਮੌਕੇ ਤੇ ਡਾਕਟਰ ਗਰੀਸ਼ ਸਾਹਨੀ ਮੈਡੀਕਲ ਸੁਪਰਡੈਂਟ, ਵਾਈਸ ਪ੍ਰਿੰਸੀਪਲ ਡਾਕਟਰ ਰਮਿੰਦਰਪਾਲ ਸਿੰਘ ਸਿਬੀਆ, ਡਾਕਟਰ ਸੰਜੇ ਕੁਮਾਰ ਅਤੇ ਡਾਕਟਰ ਸਚਿਨ ਤੌਰ ਤੇ ਸ਼ਾਮਿਲ ਹੋਏ ਇਨ੍ਹਾਂ ਤੋਂ ਇਲਾਵਾ ਸਵਰਨ ਸਿੰਘ ਬੰਗਾ ਪ੍ਰਧਾਨ, ਜੁਆਇੰਟ ਐਕਸ਼ਨ ਕਮੇਟੀ, ਰਾਕੇਸ਼ ਕੁਮਾਰ ਕਲਿਆਣ ਜਨਰਲ ਸਕੱਤਰ, ਕਰਮਜੀਤ ਕੌਰ ਅੱਲੇਖ ਪ੍ਰਧਾਨ ਨਰਸਿੰਗ ਐਸੋਸੀਏਸ਼ਨ, ਸਤਵਿੰਦਰ ਸਿੰਘ ਪ੍ਰਧਾਨ ਮਨਿਸਟੀਰੀਅਲ ਐਸੋਸੀਏਸ਼ਨ, ਸਾਥੀ ਰਾਮ ਕਿਸ਼ਨ, ਚੇਅਰਮੈਨ , ਸਤਪਾਲ ਮੰਡੋਰਾ ਸਾਬਕਾ ਪ੍ਰਧਾਨ, ਅਜੇ ਕੁਮਾਰ ਸੀਪਾ ਸੀਨੀਅਰ ਮੀਤ ਪ੍ਰਧਾਨ, ਚਮਨ ਲਾਲ, ਸਤਨਾਮ ਸਿੰਘ, ਅਨਿਲ ਕੁਮਾਰ ਪ੍ਰੇਮੀ, ਅਮਨ ਕੁਮਾਰ, ਦੇਸ ਰਾਜ ਜਨਰਲ ਸਕੱਤਰ ਆਦਿ ਵੀ ਹਾਜ਼ਰ ਸਨ।

ਨਵਜੰਮੀਆਂ ਧੀਆਂ ਦੀ ਮਨਾਈ ਲੋਹੜੀ

ਸ੍ਰੀ ਆਨੰਦਪੁਰ ਸਾਹਿਬ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤ ਵਿਭਾਗ ਪੰਜਾਬ, ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਡਾ.ਅਨੰਦ ਘਈ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਅੱਜ ਸਥਾਨਕ ਭਾਈ ਜੈਤਾ ਜੀ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਨਵਜਨਮੀਆਂ ਬੱਚੀਆਂ ਦੀ ਲੋਹੜੀ ਮਨਾਈ ਗਈ। ਇਸ ਮੌਕੇ ਤੇ ਡਾ.ਅਨੰਦ ਘਈ ਵੱਲੋਂ ਨਵ ਜਨਮੀਆਂ ਬੱਚੀਆਂ ਨੂੰ ਲੋਹੜੀ ਦੇ ਗਿਫਟ ਦਿੱਤੇ ਗਏ। ਉਨ੍ਹਾਂ ਨੇ ਦੱਸਿਆ ਕਿ ਅੱਜ ਧੀਆਂ ਸਮਾਜ ਵਿੱਚ ਅੱਗੇ ਵੱਧ ਕੇ ਵੱਡੇ ਮੁਕਾਮ ਹਾਸਲ ਕਰ ਰਹੀਆਂ ਹਨ। ਧੀਆਂ ਦੀ ਲੋਹੜੀ ਮਨਾਉਣ ਨਾਲ ਸਮਾਜ ਵਿੱਚ ਬਰਾਬਰੀ ਦਾ ਸੰਦੇਸ਼ ਦਿੱਤਾ ਹੈ। ਅੱਜ ਧੀਆਂ ਕਿਸੇ ਵੀ ਖੇਤਰ ਵਿੱਚ ਪੁਰਸ਼ਾ ਤੋ ਘੱਟ ਨਹੀ ਹਨ, ਨਵਜੰਮੀਆਂ ਧੀਆਂ ਦਾ ਸਨਮਾਨ ਕਰਦੇ ਹੋਏ ਧੀਆਂ ਦੀ ਲੋਹੜੀ ਮਨਾਈ ਗਈ।

ਉਨ੍ਹਾਂ ਨੇ ਧੀਆ ਦੀ ਚੰਗੀ ਪਰਵਰਿਸ਼ ਕਰਨ ਅਤੇ ਉਨ੍ਹਾਂ ਨੂੰ ਬਰਾਬਰੀ ਦੇ ਅਧਿਕਾਰ ਦੇਣ ਲਈ ਪਰਿਵਾਰਾ ਨੂੰ ਉਸਾਰੂ ਸੋਚ ਰੱਖਣ ਦੀ ਅਪੀਲ ਕੀਤੀ। ਾ ਸ਼ੁਨੰਨਾ ਗੁਪਤਾ ਗਾਇਨੀਕੋਲੋਜਿਸਟ ਵੱਲੋਂ ਸਮੂਹ ਨਵਜੰਨਮੀਆਂ ਬੱਚੀਆ ਦੇ ਮਾਪਿਆ ਨੂੰ ਲੋਹੜੀ ਦੇ ਮੌਕੇ ਤੇ ਬੱਚੀਆਂ ਨੂੰ ਸਮਾਨ ਅਧਿਕਾਰ ਦੇਣ ਲਈ ਪ੍ਰੇਰਿਤ ਕੀਤਾ, ਉਹਨਾਂ ਕਿਹਾ ਬੱਚੀਆਂ ਭਵਿੱਖ ਵਿੱਚ ਆਪਣੇ ਮਾਂ ਬਾਪ ਅ

ਵਕਾਲਤ ਸਿਰਫ ਇਕ ਪੇਸ਼ਾ ਨਹੀਂ, ਸਗੋ ਜਨਸੇਵਾ ਦਾ ਸਰੋਤ ਹੈ : ਨਾਇਬ ਸਿੰਘ ਸੈਣੀ

➢ ਵਕੀਲ ਨਵੇਂ ਕਾਨੂੰਨਾਂ ਦੇ ਬਾਰੇ ਵਿਚ ਆਮ ਜਨਤਾ ਨੂੰ ਜਾਗਰੂਕ ਕਰਨ ਵਿਚ ਕਰਨ ਯੋਗਦਾਨ ➢ ਨਵੀਂ ਤਕਨੀਕਾਂ ਨੂੰ ਅਪਣਾ ਕੇ ਨਿਆਂ ਪ੍ਰਕ੍ਰਿਆ ਨੂੰ ਤੇਜ ਤੇ ਪਾਰਦਰਸ਼ੀ ਬਨਾਉਣ ਵਿਚ ਵੀ ਦੇਣ ਯੋਗਦਾਨ

ਚੰਡੀਗੜ੍ਹ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਕਾਲਤ ਸਿਰਫ ਇਕ ਪੇਸ਼ਾ ਨਹੀਂ, ਸਗੋ ਇਹ ਜਨਸੇਵਾ ਦਾ ਸਰੋਤ ਹੈ ਅਤੇ ਵਕੀਲ ਦੇਸ਼ ਦੀ ਨਿਆਂ ਪ੍ਰਣਾਲੀ ਵਿਚ ਯੋਗਦਾਨ ਦੇ ਕੇ ਸਮਾਜ ਵਿਚ ਸਕਾਰਾਤਮਕ ਬਦਲਾਅ ਲਿਆ ਸਕਦੇ ਹਨ। ਵਕਾਲਤ ਦਾ ਖੇਤਰ ਸਿਰਫ ਕਾਨੂੰਨ ਦੇ ਗਿਆਨ ਤੱਕ ਸੀਮਤ ਨਹੀਂ ਹੈ, ਸਗੋ ਚੰਗੀ ਸੋਚ ਵਾਲੇ ਵੀਕਲ ਸਮਾਜ ਦੇ ਕਮਜੋਰ ਅਤੇ ਵਾਂਝੇ ਲੋਕਾਂ ਨੂੰ ਨਿਆਂ ਦਿਵਾਉਣ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਹ ਵੱਲ ਚੰਡੀਗੜ੍ਹ ਸਥਿਤ ਲਾ ਭਵਨ ਵਿਚ ਵਾਰ ਕੌਂਸਲ ਦੇ ਨਵੇਂ ਵਕੀਲਾਂ ਦੇ ਸੰਹ ਚੱਕ ਸਮਾਰੋਹ ਦੌਰਾਨ ਕਹੀ। ਇਸ ਦੌਰਾਨ ਮੁੱਖ ਮੰਤਰੀ ਨੇ 1145 ਨਵੇਂ ਵਕੀਲਾਂ ਨੂੰ ਸੁੰਹ ਦਿਵਾਈ ਅਤੇ ਉਨ੍ਹਾਂ ਨੂੰ ਲਾਇਸੈਂਸ ਪ੍ਰਦਾਨ ਕੀਤੇ।

ਆਜਾਦ ਭਾਰਤ ਨੇ 7 ਦਿਹਾਕੇ ਦੇ ਬਾਅਦ ਗੁਲਾਮੀ ਦੇ ਸਮੇਂ ਦੇ 3 ਬੇਲੋੜੇ ਕਾਨੂੰਨਾਂ ਤੋਂ ਪਾਈ ਮੁਕਤੀ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਰਾਸ਼ਟਰਵਿਆਪੀ ਵਿਜਨ ਦਾ ਨਤੀਜਾ ਹੈ ਕਿ ਆਜਾਦ ਭਾਰਤ ਨੇ 7 ਦਿਹਾਕੇ ਦੇ ਬਾਅਦ ਗੁਲਾਮੀ ਦੇ ਸਮੇਂ ਬਣਾਏ ਗਏ ਅਤੇ ਮੌਜੂਦਾ ਵਿਚ ਬੇਲੋੜੇ 3 ਕਾਨੂੰਨਾਂ ਤੋਂ ਮੁਕਤੀ ਪਾਈ ਹੈ। ਉਨ੍ਹਾਂ ਨੇ ਸਾਰੇ ਨਵੇਂ ਵਕੀਲਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਨਵੇਂ ਕਾਨੂੰਨਾਂ ਦੇ ਬਾਰੇ ਵਿਚ ਆਮ ਜਨਤਾ ਨੂੰ ਜਾਗਰੂਕ ਕਰਨ ਵਿਚ ਵੀ ਸਹਿਯੋਗ ਕਰਨ। ਉਨ੍ਹਾਂ ਨੇ ਦਸਿਆ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 3 ਨਵੇਂ ਅਪਰਾਧਿਕ ਕਾਨੂੰਨ ਬਨਾਉਣ ਤੋਂ ਇਲਾਵਾ ਲਗਭਗ 1600 ਅਜਿਹੇ ਕਾਨੂੰਨਾਂ ਨੂੰ ਖਤਮ ਕੀਤਾ ਹੈ ਜਿਨ੍ਹਾਂ ਦੀ ਮੌਜੂਦਾ ਵਿਚ ਕੋਈ ਵਿਵਹਾਰਤਾ ਨਹੀਂ ਹੈ। ਹਰਿਆਣਾ ਵਿਚ ਵੀ 175 ਗੈਰ-ਜਰੂਰੀ ਕਾਨੂੰਨਾਂ ਦੀ ਪਹਿਚਾਣ ਕੀਤੀ ਹੈ, ਇਨ੍ਹਾਂ ਵਿੱਚੋਂ 28 ਨੂੰ ਖਤਮ ਕੀਤਾ ਜਾ ਚੁੱਕਾ ਹੈ।

ਨਵੇਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਿਖਲਾਈ, ਇੰਫ੍ਰਾਸਟਕਚਰ ਤੇ ਤਕਨੀਕ ਦੇ ਵਿਕਾਸ, ਜਨ-ਜਾਗਰੂਕਤਾ 'ਤੇ ਕੀਤਾ ਲਗਾਤਾਰ ਕੰਮ

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਬਣਾਏ ਗਏ ਤਿੰਨਾਂ ਨਵੇਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਿਖਲਾਈ, ਇੰਫ੍ਰਾਸਟਕਚਰ ਤੇ ਤਕਨੀਕ ਦੇ ਵਿਕਾਸ, ਜਨ-ਜਾਗਰੂਕਤਾ ਆਦਿ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਅਤੇ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਕਾਰਗਰ ਢੰਗ ਨਾਲ ਲਾਗੂ ਕਰਨ ਲਈ ਜਰੂਰੀ ਨੋਟੀਫਿਕੇਸ਼ਨਾਂ ਜਾਰੀ ਕਰ ਦਿੱਤੀਆਂ ਹਨ।

ਇੰਨ੍ਹਾਂ ਨਵੇਂ ਕਾਨੂੰਨਾਂ ਦੇ ਪ੍ਰਤੀ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਲਗਭਗ 300 ਜਾਗਰੂਕਤਾ ਪ੍ਰੋਗ੍ਰਾਮ ਪ੍ਰਬੰਧਿਤ ਕੀਤੇ ਜਾ ਚੁੱਕੇ ਹਨ। ਨਾਲ ਹੀ, 43 ਹਜਾਰ ਤੋਂ ਵੱਧ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ 3 ਨਵੇਂ ਕਾਨੂੰਨਾਂ ਦੇ ਬਾਰੇ ਵਿਚ ਸਿਖਲਾਈ ਦਿੱਤੀ ਹੈ। ਇੰਨ੍ਹਾਂ ਵਿਚ ਲਗਭਗ 10 ਹਜਾਰ ਖੋਜ ਅਧਿਕਾਰੀ ਵੀ ਸ਼ਾਮਿਲ ਹਨ। ਸੂਬੇ ਦੀ ਸਾਰੀ 97 ਲੈਬਾਂ ਦੇ ਮਾਹਰਾਂ ਨੂੰ ਵੀ ਸਿਖਲਾਈ ਦਿੱਤੀ ਗਈ ਹੈ। ਸੂਬੇ ਦੇ ਸਾਰੇ 555 ਨਿਆਂਇਕ ਅਧਿਕਾਰੀਆਂ ਨੂੰ ਵੀ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਲਈ ਟ੍ਰੇਨਡ ਕੀਤਾ ਜਾ ਚੁੱਕਾ ਹੈ ਅਤੇ ਸਾਰੇ 2,167 ਜੇਲ੍ਹ ਅਧਿਕਾਰੀਆਂ ਤੇ ਕਰਮਚਾਰੀਆਂ ਤੇ ਸਾਰੇ 741 ਸਰਕਾਰੀ ਵਕੀਲਾਂ ਨੂੰ ਵੀ ਸਿਖਲਾਈ ਦਿੱਤੀ ਜਾ ਚੁੱਕੀ ਹੈ।

ਸਰਕਾਰ ਵਕੀਲਾਂ ਤੇ ਨਿਆਂ ਪਾਲਿਕਾ ਦੇ ਲਈ ਹਰ ਸੰਭਵ ਦੇ ਰਹੀ ਯੋਗਦਾਨ

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਵਕੀਲਾਂ ਅਤੇ ਨਿਆਂਪਾਲਿਕਾ ਨੂੰ ਜਰੂਰਤ ਅਨੁਸਾਰ ਹਰ ਸੰਭਵ ਯੋਗਦਾਨ ਦੇ ਰਹੀ ਹੈ। ਸਰਕਾਰ ਵਕੀਲਾਂ ਦੇ ਲਈ ਆਧੁਨਿਕ ਸਹੂਲਤਾਂ, ਤਕਨੀਕੀ ਸਰੋਤ ਅਤੇ ਸਿਖਲਾਈ ਪ੍ਰੋਗ੍ਰਾਮ ਯਕੀਨੀ ਕਰ ਰਹੀ ਹੈ, ਤਾਂ ਜੋ ਸਾਰੇ ਆਪਣੇ ਕੰਮ ਨੂੰ ਵੱਧ ਪ੍ਰਭਾਵੀ ਢੰਗ ਨਾਲ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਵਕੀਲਾਂ ਅਤੇ ਨਿਆਂਪਾਲਿਕਾ ਦੇ ਵਿਚ ਤਾਲਮੇਲ, ਪਾਰਦਰਸ਼ਿਤਾ ਅਤੇ ਨੈਤਿਕਤਾ ਦਾ ਹੋਣਾ ਜਰੂਰੀ ਹੈ। ਕਾਨੂੰਨ ਦਾ ਸ਼ਾਸਨ ਕਿਸੇ ਵੀ ਲੋਕਤਾਂਤਰਿਕ ਦੀ ਨੀਂਹ ਹੈ।

ਨਵੀਂ ਤਕਨੀਕਾਂ ਦੀ ਵਰਤੋਂ ਵਕੀਲਾਂ ਲਈ ਮੌਕਿਆਂ ਦੇ ਨਵੇਂ ਦਰਵਾਜੇ ਖੋਲ ਰਿਹਾ

ਮੁੱਖ ਮੰਤਰੀ ਨੇ ਕਿਹਾ ਕਿ ਡਿਜੀਟਲ ਯੁੱਗ ਵਿਚ ਕਾਨੂੰਨ ਦੇ ਖਤਰ ਵਿਚ ਵੀ ਬਦਲਾਅ ਹੋ ਰਹੇ ਹਨ। ਨਵੀਂ ਤਕਨੀਕਾਂ ਦੀ ਵਰਤੋਂ ਵਕੀਲਾਂ ਲਈ ਵੀ ਮੌਕਿਆਂ ਦੇ ਨਵੇਂ ਦਰਵਾਜੇ ਖੋਲ ਰਹੀ ਹੈ। ਸਾਰੇ ਵਕੀਲ ਨਵੀਂ ਤਕਨੀਕਾਂ ਨੂੰ ਅਪਨਾਉਣ ਅਤੇ ਨਿਆਂ ਪ੍ਰਕ੍ਰਿਆ ਨੂੰ ਤੇਜ਼ ਅਤੇ ਪਾਰਦਰਸ਼ੀ ਬਨਾਉਣ ਵਿਚ ਆਪਣਾ ਯੋਗਦਾਨ ਦੇਣ। ਉਨ੍ਹਾਂ ਨੇ ਨਵੇਂ ਵਕੀਲਾਂ ਨੂੰ ਕਿਹਾ ਕਿ ਸਾਰਿਆਂ ਨੂੰ ਆਪਣੇ ਨੈਤਿਕ ਮੁੱਲਾਂ ਨੂੰ ਹਮੇਸ਼ਾ ਸੱਭ ਤੋਂ ਉੱਪਰ ਰੱਖਣਾ ਚਾਹੀਦਾ ਹੈ। ਵਕਾਲਤ ਨਾ ਸਿਰਫ ਤੁਹਾਡੀ ਯੋਗਤਾ ਦਾ ਪ੍ਰਮਾਣ ਹੋਵੇਗੀ ਸਗੋ ਤੁਹਾਡੇ ਨੈਤਿਕ ਮੁੱਲਾਂ ਦਾ ਵੀ ਸੂਚਕ ਹੋਵੇਗੀ। ਇਸ ਲਈ ਹਮੇਸ਼ਾ ਸੱਚ ਅਤੇ ਨਿਆਂ ਦੇ ਪੱਖ ਵਿਚ ਖੜੇ ਰਹਿਣ ਅਤੇ ਆਪਣੇ ਪੇਸ਼ੇ ਦੀ ਵਰਤੋਂ ਸਿਰਫ ਨਿਜੀ ਸਫਲਤਾ ਲਈ ਨਹੀਂ ਸਗੋ ਸਮਾਜ ਅਤੇ ਰਾਸ਼ਟਰ ਦੇ ਨਿਰਮਾਣ ਲਈ ਵੀ ਕਰਨ।

ਬਾਰ ਕੌਂਸਲ ਨੇ ਅਜਿਹੇ ਵਕੀਲ ਦੇਸ਼ ਨੂੰ ਪ੍ਰਦਾਨ ਕੀਤੇ ਜਿਨ੍ਹਾਂ ਨੇ ਉੱਚ ਅਹੁਦਿਆਂ ਨੂੰ ਸ਼ਸ਼ੋਭਿਤ ਕੀਤਾ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬਾਰ ਕਾਉਂਸਿਲ ਨੇ ਪਿਛਲੇ 63 ਸਾਲਾਂ ਵਿਚ ਨਵੀਂ ਮੰਜ਼ਿਲਾਂ ਤੈਅ ਕੀਤੀਆਂ ਹਨ। ਇਹ ਬਾਰ ਕੌਂਸਲ ਦੇਸ਼ ਦੀ ਬਹੁਤ ਪੁਰਾਣੀ ਬਾਰ ਕਾਉਂਸਿਲ ਵਿੱਚੋਂ ਇੱਕ ਹੈ। ਇਸ ਕੌਂਸਲ ਨੇ ਅਜਿਹੇ ਵਕੀਲ ਦੇਸ਼ ਨੂੰ ਪ੍ਰਦਾਨ ਕੀਤੇ ਹਨ ਜਿਨ੍ਹਾਂ ਨੇ ਅੱਗੇ ਚੱਲ ਕੇ ਪੰਜਾਬ ਅਤੇ ਹਰਿਆਣਾ ਸੂਬਿਆਂ ਵਿਚ ਹੀ ਨਹੀਂ, ਸਗੋ ਪੂਰੇ ਦੇਸ਼ ਦੇ ਹਾਈ ਕੋਰਟਾਂ ਅਤੇ ਭਾਰਤ ਦੇ ਸੁਪਰੀਮ ਕੋਰਟ ਵਿਚ ਵੀ ਉੱਚ ਅਹੁਦਿਆਂ ਨੂੰ ਸ਼ਸ਼ੋਭਿਤ ਕੀਤਾ ਹੈ। ਇਸ ਕੌਂਸਲ ਨੇ ਸੁਪਰੀਕ ਕੋਰਟ ਦੇ ਕਈ ਜੱਜ, ਦੇਸ਼ ਦੇ ਕਾਨੂੰਨ ਤੇ ਰੇਲ ਮੰਤਰੀ, ਪੰਜਾਬ ਤੇ ਹਰਿਆਣਾ ਦੇ ਐਡਵੋਕੇਟ ਜਨਰਲ, ਏਡੀਸ਼ਨਲ ਸੋਲੀਸਟਰ ਜਨਰਲ ਆਦਿ ਪ੍ਰਦਾਨ ਕੀਤੇ ਹਨ। ਮੌਜੂਦਾ ਵਿਚ ਇਸ ਬਾਰ ਕੌਂਸਲ ਦੇ ਤਹਿਤ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਦੀ ਵੱਖ-ਵੱਖ 150 ਬਾਰ ਐਸੋਸਇਏਸ਼ਨ ਆਉਂਦੀਆਂ ਹਨ। ਕੌਂਸਲ ਦੇ ਕੋਲ 1 ਲੱਖ 32 ਹਜਾਰ ਤੋਂ ਵੱਧ ਮੈਂਬਰ ਰਜਿਸਟਰਡ ਹਨ।

ਇਸ ਮੌਕੇ 'ਤੇ ਹਰਿਆਣਾ ਦੇ ਏਡਵੋਕੇਟ ਜਨਰਲ ਸ੍ਰੀ ਪਰਵਿੰਦਰ ਸਿੰਘ ਚੌਹਾਨ, ਹਰਿਆਣਾ ਅਤੇ ਪੰਜਾਬ ਬਾਰ ਕਾਉਂਸਿਲ ਦੇ ਚੇਅਰਮੈਨ ਡਾ. ਵਿਜੇਂਦਰ ਸਿੰਘ ਅਹਿਲਾਵਤ, ਵਾਇਸ ਚੇਅਰਮੈਨ ਚੇਤਨ ਸ਼ਰਮਾ ਸਮੇਤ ਬਾਰ ਦੇ ਹੋਰ ਅਧਿਕਾਰੀ ਅਤੇ ਨਵੇਂ ਵਕੀਲ ਮੌਜੂਦ ਸਨ।

ਖੇਤੀਬਾੜੀ ਮੰਤਰੀ ਨੇ 184 ਕਰੋੜ ਰੁਪਏ ਸਿੱਧੇ ਕਿਸਾਨਾਂ ਦੇ ਖਾਤਿਆਂ ਵਿਚ ਕੀਤੇ ਟ੍ਰਾਂਸਫਰ

ਚੰਡੀਗੜ੍ਹ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅੱਜ ਕਿਸਾਨਾਂ ਦੇ ਹਿੱਤ ਵਿਚ ਇਕ ਵੱਡਾ ਕਦਮ ਚੁੱਕੇ ਹੋਏ 184 ਕਰੋੜ ਰੁਪਏ ਦੀ ਰਕਮ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਟ੍ਰਾਂਸਫਰ ਕੀਤੀ। ਇਸ ਵਿਚ ਫਸਲ ਅਵਸ਼ੇਸ਼ ਪ੍ਰਬੰਧਨ ਯੰਤਰਾਂ ਲਈ 10393 ਮਸ਼ੀਨਾਂ 'ਤੇ 122 ਕਰੋੜ ਰੁਪਏ ਦੀ ਗ੍ਰਾਂਟ ਅਤੇ 62 ਕਰੋੜ ਰੁਪਏ ਦਾ ਬੋਨਸ ਸ਼ਾਮਿਲ ਹੈ।

ਇਸ ਮੌਕੇ 'ਤੇ ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੀ ਭਲਾਈ ਲਈ ਪੂਰੀ ਤਰ੍ਹਾ ਪ੍ਰਤੀਬੱਧ ਹੈ। ਇਹ ਡੀਬੀਟੀ ਨਾ ਸਿਰਫ ਕਿਸਾਨਾਂ ਨੂੰ ਆਰਥਕ ਮਜਬੂਤੀ ਪ੍ਰਦਾਨ ਕਰੇਗਾ ਸਗੋ ਉਨ੍ਹਾਂ ਦੇ ਜੀਵਨ ਪੱਧਰ ਨੂੰ ਵੀ ਉੱਚਾ ਚੁੱਕੇਗਾ।

ਉਨ੍ਹਾਂ ਨੇ ਦਸਿਆ ਕਿ ਖਰੀਫ-2024 ਦੌਰਾਨ ਪ੍ਰਤੀਕੂਲ ਮੌਸਮ ਦੀ ਵਜ੍ਹਾ ਨਾਲ ਪ੍ਰਭਾਵਿਤ ਹੋਈ ਖੇਤੀ ਅਤੇ ਬਾਗਬਾਨੀ ਫਸਲਾਂ ਲਈ 2000 ਰੁਪਏ ਪ੍ਰਤੀ ਏਕੜ ਬੋਨਸ ਦੇਣ ਦਾ ਫੈਸਲਾ ਕੀਤਾ ਗਿਆ ਸੀ। ਇਸੀ ਲੜੀ ਵਿਚ ਅੱਜ 62 ਕਰੋੜ ਰੁਪਏ ਦੀ ਰਕਮ ਸਿੱਧੇ ਕਿਸਾਨਾਂ ਦੇ ਖਾਤਿਆਂ ਵਿਚ ਟ੍ਰਾਂਸਫਰ ਕੀਤੀ ਗਈ।

ਇਸ ਯੋਜਨਾ ਤਹਿਤ ਹੁਣ ਤੱਕ 860 ਕਰੋੜ ਰੁਪਏ ਦੀ ਬੋਨਸ ਰਕਮ 8.18 ਲੱਖ ਕਿਸਾਨਾਂ ਦੇ ਖਾਤਿਆਂ ਵਿਚ ਡੀਬੀਟੀ ਰਾਹੀਂ ਟ੍ਰਾਂਸਫਰ ਕੀਤੀ ਜਾ ਚੁੱਕੀ ਹੈ।

ਫਸਲ ਅਵਸ਼ੇਸ਼ ਪ੍ਰਬੰਧਨ ਯੰਤਰਾਂ 'ਤੇ ਗ੍ਰਾਂਟ ਦੇਣ ਦੇ ਬਾਰੇ ਵਿਚ ਖੇਤੀਬਾੜੀ ਮੰਤਰੀ ਨੇ ਦਸਿਆ ਕਿ 10393 ਮਸ਼ੀਨਾਂ 'ਤੇ 122 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦਾ ਇਹ ਕਦਮ ਵਾਤਾਵਰਣ ਸਮਸਿਆਵਾਂ ਦੇ ਹੱਲ ਅਤੇ ਉਨੱਤ ਖੇਤੀਬਾੜੀ ਪ੍ਰਥਾਵਾਂ ਨੂੰ ਪ੍ਰੋਤਸਾਹਨ ਦੇਣ ਲਈ ਮਹਤੱਵਪੂਰਨ ਸਾਬਤ ਹੋਵੇਗਾ।

ਭਾਰਤ ਨੂੰ ਵਿਸ਼ਵ ਗੁਰੂ ਬਨਾਉਣ ਵਿਚ ਸੱਭ ਤੋਂ ਵੱਡਾ ਫਾਰਮੂਲਾ ਅਧਿਆਪਕ ਦੇ ਹੱਥ ਵਿਚ : ਮਹੀਪਾਲ ਢਾਂਡਾ

ਚੰਡੀਗੜ੍ਹ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਸਿਖਿਆ ਮੰਤਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਭਾਰਤ ਨੂੰ ਵਿਸ਼ਵ ਗੁਰੂ ਬਨਾਉਣ ਵਿਚ ਸੱਭ ਤੋਂ ਵੱਡਾ ਫਾਰਮੂਲਾ ਅਧਿਆਪਕ ਦੇ ਹੱਥ ਵਿਚ ਹੈ। ਇਸ ਫਾਰਮੂਲੇ ਤਹਿਤ ਅਧਿਆਪਕ ਨੂੰ ਕੌਮੀ ਸਿਖਿਆ ਨੀਤੀ-2020 ਨੂੰ ਜਨ-ਜਨ ਤੱਕ ਪਹੁੰਚਾਉਣ ਦੀ ਕਮਾਨ ਸੰਭਾਲਣੀ ਹੋਵੇਗੀ।

ਇਸ ਸੂਬੇ ਵਿਚ ਅਧਿਆਪਕਾਂ ਰਾਹੀਂ ਸੂਬੇ ਵਿਚ ਸਿਖਿਆ ੧ਗਤ ਵਿਚ ਨਵੀਂ ਕ੍ਰਾਂਤੀ ਦਾ ਸੂਤਰਪਾਤ ਕੀਤਾ ਜਾਵੇਗਾ। ਇਸ ਦਾ ਆਗਾਜ਼ ਸਵਾਮੀ ਵਿਵੇਕਾਨੰਦ ਜੈਯੰਤੀ 'ਤੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਨਾਲ-ਨਾਲ ਹਰਿਆਣਾ ਸੂਬੇ ਦੇ ਤਿੰਨ ਹੋਰ ਜਿਲ੍ਹਿਆਂ ਤੋਂ ਕੀਤਾ ਗਿਆ ਹੈ।ਸਿਖਿਆ ਮੰਤਰੀ ਅੱਜ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਓਡੀਟੋਰਿਅਮ ਵਿਚ ਹਰਿਆਣਾ ਸਿਖਿਆ ਵਿਭਾਗ ਵੱਲੋਂ ਕੌਮੀ ਸਿਖਿਆ ਨੀਤੀ-2020 ਤਹਿਤ ਭਾਰਤੀ ਸਿਖਿਆ, ਸਰਕਾਰ, ਮੁੱਲਯ ਅਤੇ ਤੁਹਾਡੇ ਸੁਝਾਅ ਵਿਸ਼ਾ 'ਤੇ ਪ੍ਰਬੰਧਿਤ ਸੈਮੀਨਾਰ ਵਿਚ ਬੋਲ ਰਹੇ ਸਨ।

ਸਿਖਿਆ ਮੰਤਰੀ ਨੇ ਸੂਬਾਵਾਸੀਆਂ ਨੂੰ ਸਵਾਮੀ ਵਿਵੇਕਾਨੰਦ ਜੈਯੰਤੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਹਰਿਆਣਾ ਸੂਬਾ ਦੇਸ਼ ਵਿਚ ਕੌਮੀ ਸਿਖਿਆ ਨੀਤੀ ਲਾਗੂ ਕਰਨ ਵਾਲਾ ਪਹਿਲਾਂ ਸੂਬਾ ਹੋਵੇਗਾ। ਇਸ ਸੂਬੇ ਵਿਚ ਸਾਲ 2025 ਤੱਕ ਕੌਮੀ ਸਿਖਿਆ ਨੀਤੀ-2020 ਲਾਗੂ ਕਰਨ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਸੱਭ ਤੋਂ ਪਹਿਲਾਂ ਕੌਮੀ ਸਿਖਿਆ ਨੀਤੀ ਵਿਚ ਖਾਮੀਆਂ ਨੂੰ ਦੂਰ ਕਰਨ ਲਈ ਸੂਬੇ ਦੇ ਹਰੇਕ ਵਰਗ, ਨਾਗਰਿਕ ਤੋਂ ਸੁਝਾਅ ਮੰਗੇ ਗਏ ਹਨ। ਇਸ ਸਿਖਿਆ ਨੀਤੀ ਨੂੰ ਲਾਗੂ ਕਰਨ ਵਿਚ ਅਹਿਮ ਯੋਗਦਾਨ ਅਧਿਆਪਕ ਦਾ ਹੋਵੇਗਾ, ਇਸ ਲਈ ਅਧਿਆਪਕਾਂ ਤੋਂ ਸੁਝਾਅ ਲੈਣ ਦੀ ਪਹਿਲ ਕੀਤੀ ਗਈ ਹੈ।

ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਦੇਸ਼ ਦੀ ਭਾਵੀ ਪੀੜੀ ਨੂੰ ਜਦੋਂ ਦੇਸ਼ ਦੇ ਸਭਿਆਚਾਰ ਅਤੇ ਸੰਸਕਾਰਾਂ ਨੂੰ ਜਾਨਣ ਦਾ ਮੌਕਾ ਮਿਲੇਗਾ ਤਾਂ ਯਕੀਨੀ ਹੀ ਦੇਸ਼ ਸਾਲ 2047 ਤੱਕ ਵਿਸ਼ਵ ਗੁਰੂ ਬਣੇਗਾ ਅਤੇ ਇਸ ਦੁਨੀਆ ਦੀ ਸੱਭ ਤੋਂ ਵੱਡੀ ਤਾਕਤ ਬਣ ਕੇ ਉਭਰੇਗਾ।

ਉਨ੍ਹਾਂ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਸੋਮਨਾਥ ਸਚਦੇਵਾ ਤੇ ਉਨ੍ਹਾਂ ਦੀ ਟੀਮ ਨੂੰ ਦੇਸ਼ ਵਿਚ ਸੱਭ ਤੋਂ ਪਹਿਲਾਂ ਕੌਮੀ ਸਿਖਿਆ ਨੀਤੀ-2020 ਲਾਗੂ ਕਰਨ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਲਾਗੂ ਹੋਈ ਕੌਮੀ ਸਿਖਿਆ ਨੀਤੀ ਦਾ ਦੂਜੇ ਯੂਨੀਵਰਸਿਟੀ ਤੇ ਕਾਲਜ ਅਨੁਸਰਣ ਕਰ ਰਹੇ ਹਨ।

ਹੁਣ ਇਸ ਸਿਖਿਆ ਨੀਤੀ ਦੀ ਕਮੀਆਂ ਨੂੰ ਦੂਰ ਕਰਨ ਲਈ ਸੁਝਾਅ ਮੰਗੇ ਹਨ। ਇੰਨ੍ਹਾਂ ਸੁਝਾਆਂ 'ਤੇ ਅਮਲ ਕੀਤਾ ਜਾਵੇਗਾ ਅਤੇ ਬਦਲਾਅ ਕਰ ਸਾਲ 2025 ਵਿਚ ਪੂਰੇ ਸੂਬੇ ਵਿਚ ਕੌਮੀ ਸਿਖਿਆ ਨੀਤੀ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇਗਾ।

ਬਾਅਦ ਵਿਚ ਸਿਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਪੱਤਰਕਾਰਾਂ ਨਾਲ ਗਲ ਕਰਦੇ ਹੋਏ ਹੋਏ ਕਿਹਾ ਕਿ ਹਰਿਆਣਾ ਵਿਚ 1 ਅਪ੍ਰੈਲ ਤੋਂ ਕਿਸੇ ਵੀ ਸਕੂਲ ਵਿਚ ਅਧਿਆਪਕ ਦੀ ਕਮੀ ਨਹੀਂ ਰਹੇਗੀ। ਇਸ ਸੂਬੇ ਦੇ ਹਰ ਸਕੂਲ ਵਿਚ ਅਧਿਆਪਕਾਂ ਨੂੰ ਰੈਸ਼ਨਲਾਇਜ ਕਬਨ ਦੇ ਆਦੇਸ਼ ਅਧਿਕਾਰੀਆਂ ਨੂੰ ਦਿੱਤੇ ਜਾ ਚੁੱਕੇ ਹਨ। ਇੰਨ੍ਹਾਂ ਹੀ ਨਹੀਂ ਸੂਬੇ ਦੇ ਸਾਰੇ ਸਕੂਲਾਂ ਵਿਚ ਜਲਦੀ ਈ ਇੰਫ੍ਰਾਸਟਕਚਰ ਨੂੰ ਹੋਹਰ ਮਜਬੂਤ ਕੀਤਾ ਜਾਵੇਗਾ ਅਤੇ ਅਪ੍ਰੈਲ ਮਹੀਨੇ ਤੋਂ ਪਹਿਲਾਂ ਸਕੂਲਾਂ ਦੀ ਸਾਰੀ ਖਾਮੀਆਂ ਨੂੰ ਦ

ਮਾਤਾ ਭਾਗ ਕੌਰ ਜੀ ਦਾ ਸਿੱਖ ਕੌਮ ਵਿਚ ਵਿਸ਼ੇਸ਼ ਸਥਾਨ

ਧਰਮਿੰਦਰ ਸਿੰਘ (ਚੱਬਾ)

ਮਾਈ ਭਾਗੋ ਸਿੱਖ ਇਤਿਹਾਸ ਵਿੱਚ ਉੱਚ ਸਥਾਨ ਰੱਖਦੇ ਹਨ।ਆਪ ਨੂੰ ਮਾਈ ਭਾਗੋ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਮਾਈ ਭਾਗੋ ਚਾਰ ਭਰਾਵਾਂ ਦੀ ਲਾਡਲੀ ਭੈਣ ਸੀ।ਮਾਈ ਭਾਗੋ ਦਾ ਜਨਮ ਇਤਿਹਾਸ ਵਿੱਚ ਝਬਾਲ ਵਿੱਚ ਹੋਇਆ ਆਉਂਦਾ ਹੈ। ਝਬਾਲ ਇਲਾਕੇ ਦੇ ਭਾਈ ਪੇਰੋ ਸ਼ਾਹ ਜੀ ਹੋਏ ਹਨ। ਜਿੰਨ੍ਹਾਂ ਦੇ ਦੋ ਪੁੱਤਰ ਮਾਲੋ ਸ਼ਾਹ ਤੇ ਹਰੂ ਜੀ ਹੋਏ।ਅੱਗੇ ਮਾਲੋ ਸ਼ਾਹ ਦੇ ਚਾਰ ਪੁੱਤਰ ਤੇ ਇੱਕ ਧੀ ਹੋਈ, ਜਿਸਦਾ ਇਤਿਹਾਸ ਵਿੱਚ ਨਾਂਅ ਮਾਈ ਭਾਗੋ ਕਰਕੇ ਆਉਂਦਾ ਹੈ। ਇੰਨ੍ਹਾਂ ਦਾ ਜਨਮ ਸਰਦੇ ਪੁੱਜਦੇ ਘਰ ਹੋਇਆ, ਇਸ ਕਰਕੇ ਸਾਰੇ ਘਰ ਵਾਲੇ ਇੰਨ੍ਹਾਂ ਨੂੰ 'ਭਾਗਭਰੀ' ਕਹਿ ਕੇ ਬੁਲਾਉਂਦੇ ਸਨ।

ਇੰਨ੍ਹਾਂ ਦੇ ਵੱਡੇ ਵਡੇਰਿਆਂ ਦਾ ਸਬੰਧ ਗੁਰੂ ਘਰ ਨਾਲ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਜੁੜਿਆ ਹੋਇਆ ਹੈ। ਘਰ ਵਿੱਚ ਸਿੱਖੀ ਦਾ ਪ੍ਰਚਾਰ ਸੀ। ਮਾਈ ਭਾਗੋ ਦੇ ਪਿਤਾ ਭਾਈ ਮਾਲ੍ਹੋ ਸ਼ਾਹ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਦੇ ਬਹਾਦਰ ਸਿਪਾਹੀ ਸਨ। ਮਾਈ ਭਾਗੋ ਜੀ ਆਪਣੇ ਪਿਤਾ ਨਾਲ ਬਚਪਨ ਸਮੇਂ ਗੁਰੂ ਦਰਬਾਰ ਵਿੱਚ ਜਾਂਦੇ ਰਹਿੰਦੇ ਸਨ।ਫਿਰ ਸੱਤਵੇਂ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਵੀ ਕਰਦੇ ਰਹੇ। ਅੱਠਵੀਂ ਜੋਤ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਤੇ ਦੱਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ।

ਮਹਾਨ ਕੋਸ਼ ਵਿੱਚ ਭਾਈ ਕਾਹਨ ਸਿੰਘ ਨਾਭਾ ਇਸ ਗੱਲ ਦਾ ਜ਼ਿਕਰ ਕਰਦੇ ਹਨ ਕਿ ਭਾਗੋ ਮਾਈ ਢਿੱਲੋਂ ਗੋਤ ਦੀ ਉੱਚ ਆਚਰਨ ਵਾਲੀ ਇਸਤਰੀ, ਪਿੰਡ ਝਬਾਲ ਜਿਲ੍ਹਾ ਅੰਮ੍ਰਿਤਸਰ ਦੀ ਵਸਨੀਕ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸੇਵਕ ਭਾਈ ਲੰਗਾਹ ਜੀ ਦੇ ਭਾਈ ਪੇਰੋਸ਼ਾਹ ਦੀ ਔਲਾਦ ਵਿੱਚੋਂ ਸੀ, ਜਦ ਬਹੁਤ ਸਿੱਖ ਅਨੰਦਪੁਰ ਸਾਹਿਬ ਦੇ ਜੰਗ ਵਿੱਚ

ਬੇਦਾਵਾ ਲਿਖ ਕੇ ਘਰੀਂ ਆਏ, ਤਦ ਇਸ ਨੇ ਉਨ੍ਹਾਂ ਨੂੰ ਧਿਰਕਾਰਿਆ ਤੇ ਆਪ ਘੋੜੇ ਤੇ ਸਵਾਰ ਹੋ ਕੇ ਸਿੰਘ ਭੇਸ ਧਾਰ ਕੇ ਅਜੇਹੇ ਤਰਕ ਦੇ ਵਾਕ ਕਹੇ, ਜਿੰਨ੍ਹਾਂ ਦੇ ਅਸਰ ਨਾਲ ਬਹੁਤ ਸਿੱਖ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਰ ਹੋਣ ਲਈ ਤਿਆਰ ਹੋ ਗਏ।

ਸੰਮਤ 1762 ਵਿੱਚ ਭਾਗੋ ਮਾਈ ਸਿੰਘਾਂ ਨਾਲ ਸ਼ਾਮਿਲ ਹੋ ਕੇ ਮੁਕਤਸਰ ਦੀ ਜੰਗ ਵਿੱਚ ਬੜੀ ਬਹਾਦਰੀ ਨਾਲ ਲੜੀ ਅਤੇ ਬਹੁਤ ਘਾਇਲ ਹੋਈ, ਦਸ਼ਮੇਸ਼ ਨੇ ਇਸਦਾ ਇਲਾਜ਼ ਕਰਵਾ ਕੇ ਰਾਜੀ ਕੀਤਾ ਔਰ ਅੰਮ੍ਰਿਤ ਛਕਾ ਕੇ ਭਾਗ ਕੌਰ ਬਣਾਈ।ਇਹ ਮਰਦਾਵਾਂ ਭੇਸ ਬਣਾ ਕੇ ਸਦਾ ਸਤਿਗੁਰੂ ਦੀ ਅੜਦਲ ਵਿੱਚ ਰਹਿੰਦੀ ਸੀ, ਜਦ ਕਲਗੀਧਰ ਜੀ ਅਬਚਲ ਨਗਰ ਅੰਤਰਯਾਨ ਹੋ ਗਏ, ਤਦ ਇਹ ਉਦਾਸ ਹੋ ਕੇ ਬਿਦਰ ਚਲੀ ਗਈ ਅਰ ਉਸੇ ਥਾਂ ਦੇਹ ਤਿਆਗੀ, ਭਾਗ ਕੌਰ ਦੇ ਨਾਂ ਦਾ ਅਬਚਲ ਨਗਰ ਵਿੱਚ ਬੁੰਗਾ ਹੈ, ਜਿਸ ਵਿੱਚ ਦਰਬਾਰ ਦਾ ਵੱਡਾ ਪੁਜਾਰੀ ਰਹਿੰਦਾ ਹੈ। ਭਾਗ ਕੌਰ ਦੇ ਬਰਛੇ ਦਾ ਫਲ ਗੁਰੂ ਸਾਹਿਬ ਦੇ ਸਿੰਘਾਸਨ ਤੇ ਹੁਣ ਤੱਕ ਸਨਮਾਨ ਪਾ ਰਿਹਾ ਹੈ, ਜਿਸਨੂੰ ਅਣਜਾਣ ਅਸ ?ਭੁਜੀ ਦੇਵੀ ਆਖਦੇ ਹਨ। ਮਾਈ ਭਾਗ ਕੌਰ ਦਾ ਵਿਆਹ ਪੱਟੀ ਦੇ ਨਿਧਾਨ ਸਿੰਘ ਵੜੈਚ ਨਾਲ ਹੋਇਆ। ਜਦ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਕੁਰਬਾਨੀ ਤੇ ਬੇਮਿਸਾਲ ਸ਼ਹੀਦੀ ਦੀ ਖਬਰ ਸਾਰੇ ਦੇਸ਼ ਅੰਦਰ ਫੈਲ ਗਈ ਤਾਂ ਮਾਤਾ ਭਾਗ ਕੌਰ ਨੇ ਆਪਣੇ ਪਿਤਾ ਨੂੰ ਕਿਹਾ ਕਿ 'ਪਿਤਾ ਜੀ ? ਮੇਰਾ ਦਿਲ ਕਰਦਾ ਹੈ ਕਿ ਮੈਂ ਤਲਵਾਰ ਲੈ ਕੇ ਹੁਣੇ ਦਿੱਲੀ ਜਾਵਾਂ ਤੇ ਉਹਨਾਂ ਦੁਸ਼ਟਾਂ ਦਾ ਖਾਤਮਾ ਕਰ ਆਵਾਂ, ਜਿੰਨ੍ਹਾਂ ਨੇ ਮੇਰੇ ਸ਼ਾਹਿਨਸ਼ਾਹ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਸ ਤਰ੍ਹਾਂ ਸ਼ਹੀਦ ਕੀਤਾ ਹੈ।' ਮਾਈ ਭਾਗੋ ਹਿੰਮਤ ਤੇ ਦਲੇਰੀ ਦੀ ਧਾਰਣੀ ਸੀ।

ਜਦ ਅਨੰਦਪੁਰ ਦੇ ਕਿਲੇ ਨੂੰ ਘੇਰਾ ਪਾ ਕੇ ਹਾਕਮਾਂ ਨੇ ਐਲਾਨ ਕੀਤਾ ਕਿ ਜੋ ਕੋਈ ਵੀ ਸਿੱਖ ਬਾਹਰ ਜਾਣਾ ਚਾਹੁੰਦਾ ਹੈ, ਉਹ ਜਾ ਸਕਦਾ ਹੈ। ਉਸਨੂੰ ਕੁੱਝ ਨਹੀ ਕਿਹਾ ਜਾਵੇਗਾ।ਇਹ ਐਲਾਨ ਸੁਣ ਕੇ ਮਾਝੇ ਦੇ ਚਾਲੀ ਸਿੰਘ ਗੁਰੂ ਜੀ ਤੋਂ ਬੇਮੁੱਖ ਹੋ ਕੇ 'ਬੇਦਾਵਾ' ਲਿਖ ਕੇ ਕਿ 'ਤੁਸੀ ਸਾਡੇ ਗੁਰੂ ਨਹੀ ਤੇ ਅਸੀ ਤੁਹਾਡੇ ਸਿੱਖ ਨਹੀ' ਘਰਾਂ ਨੂੰ ਚਲੇ ਗਏ ਤਾਂ ਮਾਈ ਭਾਗੋ ਨੇ ਗੁਰੂ ਜੀ ਤੋਂ ਬੇਮੁੱਖ ਹੋ ਕੇ ਵਾਪਸ ਗਏ ਚਾਲੀ ਸਿੰਘਾਂ ਨੂੰ ਪ੍ਰੇਰ ਕੇ ਵਾਪਸ, ਆਪ ਉਹਨਾਂ ਦੀ ਅਗਵਾਈ ਕਰਕੇ ਪਹਿਲਾਂ ਨਾਂਅ 'ਖਿਦਰਾਣੇ ਦੀ ਢਾਬ' ਤੇ ਹੁਣ 'ਸ੍ਰੀ ਮੁਕਤਸਰ ਸਾਹਿਬ' ਦੇ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਨਾਲ ਡੱਟ ਕੇ ਮੁਕਾਬਲਾ ਕੀਤਾ ਤੇ ਇਸ ਜੰਗ ਵਿੱਚ ਮਾਈ ਭਾਗੋ ਤੇ ਭਰਾਵਾਂ ਤੇ ਪਤੀ ਨੇ ਵੀ ਸ਼ਹੀਦੀ ਪਾਈ।

ਮਾਤਾ ਭਾਗ ਕੌਰ ਆਪ ਵੀ ਬਹੁਤ ਜ਼ਖਮੀ ਹੋ ਚੁੱਕੇ ਸਨ।ਲੜਾਈ ਖਤਮ ਹੋਈ ਤਾਂ ਦਸ਼ਮੇਸ਼ ਪਿਤਾ ਉੱਚੀ ਟਿੱਬੀ ਤੋਂ ਉੱਤਰ ਕੇ ਮੈਦਾਨ ਵਿੱਚ ਆਏ ਤੇ ਸਿੰਘਾਂ ਨੂੰ ਕਈ ਵਰ ਦਿੱਤੇ। ਮਾਈ ਭਾਗੋ ਦੇ ਜਖਮ ਸਾਫ ਕਰਕੇ ਮਰਹਮ ਪੱਟੀ ਕੀਤੀ। ਮਾਈ ਭਾਗੋ ਹਜ਼ੂਰ ਸਾਹਿਬ ਤੱਕ ਗੁਰੂ ਗੋਬਿਦ ਸਿੰਘ ਜੀ ਦੇ ਨਾਲ ਗਏ। ਸਿੱਖੀਂ ਦਾ ਪ੍ਰਚਾਰ ਕਰਦੇ ਰਹੇ ਤੇ ਬਿਦਰ ਕਰਨਾਟਕ ਨਾਨਕ ਝੀਰਾ ਦੇ ਕੋਲ ਜਨਵਾੜੇ ਵਿੱਚ ਗੁਰੂ ਚਰਨਾਂ ਵਿੱਚ ਬਿਰਾਜ ਗਏ। ਸਿੱਖ ਇਤਹਾਸ ਵਿੱਚ ਮਾਈ ਭਾਗੋ ਜੀ ਇਸ ਘਟਨਾ ਕਰਕੇ ਕਾਫੀ ਪ੍ਰਸਿੱਧ ਹਨ ਕਿ ਉਹਨਾਂ ਨੇ ਗੁਰੂ ਜੀ ਨਾਲੋਂ ਬੇਮੁੱਖ ਹੋਏ ਮਾਝੇ ਦਾ ਚਾਲੀ ਸਿੰਘਾਂ ਨੂੰ ਪ੍ਰੇਰਨਾ ਦੇ ਕੇ ਫਿਰ ਗੁਰੂ ਜੀ ਦੇ ਲੜ ਲਾਇਆ ਜੋ ਜਨਮ ਮਰਨ ਤੋਂ ਮੁਕਤ ਹੋ ਗਏ ਤੇ ਸਿੱਖ ਇਤਿਹਾਸ ਵਿੱਚ ਚਾਲੀ ਮੁਕਤੇ ਦੇ ਨਾਂਅ ਨਾਲ ਪ੍ਰਸਿੱਧ ਹੋ ਗਏ।

ਬੱਚੇ ਪੜਾਈ ਦੌਰਾਨ ਜੀਵਨ ਦਾ ਟੀਚਾ ਕਰਨ ਨਿਰਧਾਰਿਤ

ਜਲੰਧਰ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ(ਪੇਂਡੂ ਵਿਕਾਸ), ਜਲੰਧਰ ਦੀ ਅਗਵਾਈ ਹੇਠ ਚੱਲ ਰਹੇ ਸੱਕਿਲ ਸੈਂਟਰ ਸ਼ੀਵ ਐਜੈਕੇਸ਼ਨਲ ਸੋਸਾਇਟੀ,ਜਲੰਧਰ ਦਾ ਸ੍ਰੀ ਨਰੇਸ਼ ਕੁਮਾਰ, ਜਿਲ੍ਹਾਂ ਰੋਜਗਾਰ ਅਤੇ ਸਿਖਲਾਈ ਅਫਸਰ,ਜਲੰਧਰ ਵਲੋਂ ਅਚਨਚੇਤ ਦੋਰਾ ਕੀਤਾ ਗਿਆ।

ਉਨਾਂ ਵਲੋਂ ਬੱਚਿਆ ਨੂੰ ਪ੍ਰੋਸਾਹਿਤ ਕਰਦੇ ਸਮੇ ਦਸਿਆ ਗਿਆ ਕਿ ਹਰ ਵਿਦਆਰਥੀ ਨੂੰ ਪੜਾਈ ਦੇ ਦੋਰਾਨ ਜੀਵਨ ਵਿੱਚ ਕੋਈ ਟੀਚਾ ਜਰੂਰ ਨਿਰਧਾਰਿਤ ਕਰਨਾ ਚਾਹਿਦਾ ਹੈ ਤੇ ਉਸ ਟੀਚੇ ਦੀ ਪ੍ਰਾਪਤੀ ਲਈ ਅਣਥੱਕ ਮਿਹਨਤ ਕਰਨੀ ਚਾਹਿਦੀ ਹੈ ਤਾਂ ਹੀ ਵਿਦਆਰਥੀ ਆਪਣੇ ਜੀਵਨ ਵਿੱਚ ਸਫਲ ਹੋ ਸਕਦੇ ਹਨ।ਇਹਨਾਂ ਸ਼ਬਦਾ ਦਾ ਪ੍ਰਗਟਾਵਾ ਸ੍ਰੀ ਨਰੇਸ਼ ਕੁਮਾਰ, ਜਿਲ੍ਹਾਂ ਰੋਜਗਾਰ ਅਤੇ ਸਿਖਲਾਈ ਅਫਸਰ ਜਲੰਧਰ ਵਲੋ ਅੱਜ ਪੰਜਾਬ ਹੁਨਰ ਵਿਕਾਸ ਮਿਸ਼ਨ ਅਧੀਨ ਦੀਨ ਦਿਆਲ ਉਪਾਧਿਆਏ ਕੋਸ਼ਲ ਵਿਕਾਸ ਯੋਜਨਾ ਅਧੀਨ ਸ਼ੀਵ ਐਜੂਕੇਸ਼ਨਲ ਸੋਸਾਇਟੀ, ਜਲੰਧਰ ਵਲੋ ਚਲਾਏ ਜਾ ਰਹੇ ਸੱਕਿਲ ਸੈਂਟਰ ਹੈਲਥ ਕੇਅਰ ਬੈਚ ਦੇ ਸਿਖਆਰਥੀਆਂ ਨੂੰ ਵੈਲਕਮ ਕਿੱਟਾ ਵੰਡਣ ਸਮੇ ਕੀਤਾ।

ਇਸ ਮੋਕੇ ਸ਼੍ਰੀ ਨਰੇਸ਼ ਕੁਮਾਰ, ਜਿਲ੍ਹਾਂ ਰੋਜਗਾਰ ਅਤੇ ਸਿਖਲਾਈ ਅਫਸਰ,ਜਲੰਧਰ ਵਲੋ ਸਿਖਆਰਥੀਆ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਸੈਂਟਰ ਤੋ ਵਧੀਆ ਹੁਨਰ ਹਾਸਲ ਕਰਨ,ਤਾਂ ਜੋ ਆਪਣੇ ਆਪ ਨੂੰ ਹੁਨਰਮੰਦ ਕਰਨ ਉਪਰੰਤ ਵਧੀਆ ਨੋਕਰੀਦੇ ਕਾਬਲ ਬਣ ਕੇ ਆਪਣੇ ਪੈਰਾ ਤੇ ਖੜੇ ਹੋ ਸਕਦੇ ਹਨ ਅਤੇ ਪਰਿਵਾਰ ਦੀ ਆਮਦਨ ਦਾ ਹਿੱਸਾ ਬਣ ਸਕਦੇ ਹਨ।ਇਸ ਦੇ ਉਨਾਂ ਵਲੋ ਸਵੈ ਰੁਜਗਾਰ ਬਾਰੇ ਸਿਖਆਰਥੀਆ ਨੂੰ ਜਾਣੂ ਕਰਵਾਇਆ ਗਿਆਂ।ਇਸ ਮੋਕੇ ਟ੍ਰੇਨਿੰਗ ਲੈ ਰਹੇ ਸਿਖਆਰਥੀਆ ਨਾਲ ਗੱਲਬਾਤ ਕੀਤੀ ਗਈ। ਇਸ ਮੋਕੇ ਜਿਲ੍ਹਾਂ ਰੋਜਗਾਰ ਅਤੇ ਕਾਰੋਬਾਰ ਬਿਓਰੋ ਵਲੋ ਸ਼੍ਰੀ ਸੂਰਜ ਕਲੇਰ, ਜਿਲਾਂ ਮੈਨੇਜਰ, ਸ਼੍ਰੀਮਤੀ ਮਨਦੀਪ ਕੌਰ, ਬੀ.ਟੀ.ਐਮ ਭਾਰਤੀ ਸ਼ਰਮਾ, ਕਰੀਅਰ ਕੌਂਸਲਰ ਅਤੇ ਸ਼੍ਰੀ ਨਿੰਖਲ ਸ਼ਰਮਾ, ਪ੍ਰੋਜੈਕਟ ਹੈਡ ਮੋਜੂਦ ਸਨ।

ਅਮਨ ਅਰੋੜਾ ਵੱਲੋਂ ਸੁਨਾਮ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਕਰੀਬ ਡੇਢ ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ

ਸੁਨਾਮ, 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਉਧਮ ਸਿੰਘ ਵਾਲਾ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਸੁਵਿਧਾਵਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਲਗਭਗ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਰਸਮੀ ਸ਼ੁਰੂਆਤ ਕੀਤੀ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸੁਨਾਮ ਵਿੱਚ ਨਾਗਰਿਕਾਂ ਨੂੰ ਸਰਵੋਤਮ ਸਿੱਖਿਆ ਅਤੇ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਕੁਝ ਸਮੇਂ ਅੰਦਰ ਇੱਥੇ ਇਹਨਾਂ ਦੋਹਾਂ ਖੇਤਰਾਂ ਵਿੱਚ ਵੱਡੇ ਸੁਧਾਰ

ਦੇਖਣ ਨੂੰ ਮਿਲਣਗੇ।

ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸਭ ਤੋਂ ਪਹਿਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਭਾਵਾਲ ਵਿਖੇ 11 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸਾਇੰਸ ਲੈਬ ਦਾ ਨੀਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਹਰ ਜ਼ਰੂਰਤ ਨੂੰ ਪੂਰਾ ਕੀਤਾ ਜਾ ਰਿਹਾ ਹੈ ਤਾਂ ਕਿ ਹਰੇਕ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰਕੇ ਆਪਣੀ ਮਿਹਨਤ ਨਾਲ ਬੁਲੰਦੀ ਹਾਸਲ ਕਰ ਸਕੇ।

ਇਸ ਉਪਰੰਤ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਮੋਲ ਵਿਖੇ ਵੀ 11 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸਾਇੰਸ ਲੈਬ ਦਾ ਨੀਹ ਪੱਥਰ ਰੱਖਿਆ ਗਿਆ।

ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ਾਹਪੁਰ ਕਲਾਂ ਵਿਖੇ 75 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ 4 ਕਲਾਸ ਰੂਮਾਂ, ਸਾਇੰਸ ਲੈਬ ਅਤੇ ਚਾਰਦੀਵਾਰੀ ਦਾ ਨੀਂਹ ਪੱਥਰ ਰੱਖਦਿਆਂ ਕਾਰਜਾਂ ਦੀ ਸ਼ੁਰੂਆਤ ਕਰਵਾਈ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਸ਼ਾਹਪੁਰ ਕਲਾਂ ਵਿਖੇ 22.53 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ 3 ਕਲਾਸ ਰੂਮਾਂ ਦਾ ਉਦਘਾਟਨ ਕੀਤਾ ।

ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੋਵਾਸ ਵਿਖੇ ਕਰੀਬ 32 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀਆਂ ਫਿਜਿਕਸ ਲੈਬ, ਕੈਮਿਸਟਰੀ ਲੈਬ ਅਤੇ ਕੰਪਿਊਟਰ ਲੈਬ ਦਾ ਨੀਹ ਪੱਥਰ ਰੱਖਿਆ।

ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੀਤਇੰਦਰ ਕੌਰ, ਡਿਪਟੀ ਡੀਈਓ ਮਨਜੀਤ ਕੌਰ, ਉਭਾਵਾਲ ਤੋਂ ਮੋਤਾ ਸਿੰਘ, ਅਵਤਾਰ ਸਿੰਘ, ਰਣਵੀਰ ਸਿੰਘ ਰਾਣਾ, ਗੁਰਚਰਨ ਸਿੰਘ, ਨਮੋਲ ਤੋਂ ਬਾਊ ਸਿੰਘ ਸਰਪੰਚ, ਬੱਗਾ ਸਿੰਘ, ਰਾਜ ਸਿੰਘ, ਨਿਰਭੈ ਸਿੰਘ, ਸੁਖਬੀਰ ਸਿੰਘ ਸੁੱਖੀ, ਸ਼ਾਹਪੁਰ ਤੋਂ ਐਡਵੋਕੇਟ ਗੋਪੀ, ਲੱਕੀ ਸਰਪੰਚ, ਬੀਰਬਲ ਸਿੰਘ, ਮਲਕੀਤ ਸਿੰਘ, ਚੋਵਾਸ ਤੋਂ ਗੁਰਚਰਨ ਸਿੰਘ, ਜਰਨੈਲ ਸਿੰਘ, ਦੇਵ ਮੈਂਬਰ, ਰਾਜ ਸ਼ਰਮਾ ਸਾਹਿਬ ਸਿੰਘ ਬਲਾਕ ਪ੍ਰਧਾਨ, ਲਾਭ ਸਿੰਘ ਨੀਲੋਵਾਲ, ਯਾਦਵਿੰਦਰ ਸਿੰਘ ਰਾਜਾ ਪ੍ਰਧਾਨ ਟਰੱਕ ਯੂਨੀਅਨ, ਨਰਿੰਦਰ ਠੇਕੇਦਾਰ ਵੀ ਹਾਜ਼ਰ ਸਨ।

ਗ੍ਰੀਨਵੇਜ ਸਕੂਲ ਰੁੱਤੜਕੀ ਹੀਰਾਂ ਵਿਖੇ ਮਨਾਇਆ ਲੋਹੜੀ ਦਾ ਤਿਉਹਾਰ

ਚਮਕੌਰ ਸਾਹਿਬ 16 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਗ੍ਰੀਨਵੇਜ ਸਕੂਲ ਰੁੱਤੜਕੀ ਹੀਰਾਂ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਭ ਤੋਂ ਪਹਿਲਾਂ ਮੈਨੇਜਿੰਗ ਡਾਇਰੈਕਟਰ ਸਰਦਾਰ ਹਰਜਿੰਦਰ ਸਿੰਘ ਮੱਲ੍ਹੀ ਜੀ ਨੇ ਸਮੂਹ ਮੈਨੇਜਮੈਂਟ , ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਅਤੇ ਬੱਚਿਆਂ ਨਾਲ ਰਲ-ਮਿਲ ਕੇ ਲੋਹੜੀ ਵਿੱਚ ਤਿਲ-ਚੌਲ ਪਾਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਨਾਲ ਹੀ ਸਭਨਾਂ ਨੂੰ ਲੋਹੜੀ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ। ਇਸ ਤੋਂ ਬਾਅਦ ਅਧਿਆਪਕਾ ਜਸਵਿੰਦਰ ਕੌਰ ਨੇ ਲੋਹੜੀ ਦੇ ਤਿਉਹਾਰ 'ਤੇ ਸਪੀਚ ਦਿੱਤੀ। ਇਸ ਤੋਂ ਬਾਅਦ ਤੀਜੀ ਕਲਾਸ ਦੇ ਬੱਚਿਆਂ ਵੱਲੋਂ ਡਾਂਸ ਪਰਫਾਰਮੈਂਸ ਕੀਤੀ ਗਈ। ਦੂਜੀ ਕਲਾਸ ਵੱਲੋਂ ਸੁੰਦਰ ਮੁੰਦਰੀਏ ਗੀਤ ਪੇਸ਼ ਕੀਤਾ, ਪੰਜਵੀਂ ਕਲਾਸ ਵੱਲੋਂ ਲੋਹੜੀ 'ਤੇ ਟੱਪੇ ਗਾਏ ਗਏ। ਛੇਵੀਂ ਕਲਾਸ ਵੱਲੋਂ ਗਿੱਧਾ ਪੇਸ਼ ਕੀਤਾ ਗਿਆ। ਵਿਅਕਤੀਗਤ ਪੇਸ਼ਕਾਰੀਆਂ ਵਿੱਚ ਯੁਵਰਾਜ ਸਿੰਘ, ਮਨਸੀਰਤ ਕੌਰ, ਰਹਿਮਤ ਕੌਰ, ਸਾਹਿਬਜੋਤ, ਅਵਨੀਤ, ਅੰਗਦ ਮਾਨ, ਸਹਿਜ ਪ੍ਰੀਤ ਕੌਰ ਆਦਿ ਨੇ ਅਲੱਗ ਅਲੱਗ ਗੀਤਾਂ 'ਤੇ ਡਾਂਸ ਕਰ ਕੇ ਸਭਨਾਂ ਦਾ ਮਨੋਰੰਜਨ ਕੀਤਾ। ਇਸ ਸਮੇਂ ਰਿਟਾਇਰਡ ਫਲਾਇਟ ਲੈਫਟੀਨੈਂਟ ਸਰਦਾਰ ਗੁਰਮੁੱਖ ਸਿੰਘ ਮੱਲ੍ਹੀ, ਮਨੇਜਿੰਗ ਡਾਇਰੈਕਟਰ ਸ: ਹਰਜਿੰਦਰ ਸਿੰਘ ਮੱਲ੍ਹੀ, ਡਾਇਰੈਕਟਰ ਸ੍ਰੀਮਤੀ ਸਰਬਜੀਤ ਕੌਰ ਮੱਲ੍ਹੀ, ਪ੍ਰਿੰਸੀਪਲ ਸ਼੍ਰੀ ਮੁਕੇਸ

ਭਾਈ ਘਨੁੱਈਆ ਜੀ



(ਭਾਈ ਘਨੁੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਧਰਾ (ਪਾਕਿਸਤਾਨ)

• ਫ਼ਕੀਰ ਚੰਦ ਤੁਲੀ

ਬਣੇ ਬਿਗਾਰੀ ਆਪਹੀ, ਸਿਰ ਚੁੱਕੇ ਸੰਤਾਪ
ਚੁੱਕਣ ਪਰਾਏ ਬੋਝ ਨੂੰ, ਕਰੇ ਬਿਗਾਰਾਂ ਆਪ।
ਕਹੇ ਸ਼ਰੀਕਾ ਸੋਚ ਤੂੰ, ਤੇਰੇ ਕੈਸੇ ਕਾਰ,
ਇੰਝ ਤੇਰੇ ਪਰਿਵਾਰ ਦਾ, ਘਟਦਾ ਹੈ ਸਤਿਕਾਰ।
ਆਪਣੀ ਕੁੱਲ ਵੱਲ ਵੇਖ ਤੂੰ, ਕੁੱਲ ਦਾ ਕਰੀ ਧਿਆਨ,
ਤੇਰੇ ਹੱਥਾਂ ਵਿਚ ਹੈ, ਇਸ ਦਾ ਕੁਲ ਸਨਮਾਨ।
ਭਾਈ ਘਨੱਈਆ ਪਿਤਾ ਨੂੰ, ਬੋਲੇ ਮਿੱਠੜੇ ਬੋਲ,
ਮਿੱਠੜੇ ਮਿੱਠੜੇ ਬੋਲ ਨੇ, ਪਿਤਾ ਜੈ ਲੈ ਲਏ ਮੋਲ।
ਸੰਗ ਠਰ੍ਹੰਮੇਂ ਬੋਲਕੇ, ਬੋਲੇ ਸਹਿਜ ਸੁਭਾ,
ਬਚਿਰੇ ਵੀ ਪੁੱਤਰ ਹੋਵਦੇ, ਬਚਿਰਾ ਲਓ ਸਮਾ।
ਮੈਂ ਬਚਿਰਾ ਪੁੱਤਰ ਸਹੀ, ਜੋ ਹਾਂ, ਤੁਸਾਂ ਦਾ ਹਾਂ
ਸਭ ਸਿਆਣੇ, ਬਾਂਵਲੇ, ਮਾਂ ਘਰ ਪਾਵਣ ਥਾਂ।
ਇਹ ਲੋਕੀ ਕੀ ਜਾਣਦੇ, ਬਚਿਲਾਪਣ ਹੈ ਕੀ?
ਬਚਿਲੇ ਪੁਰਖ ਜਹਾਨ ਤੇ, ਸੁੱਚੇ ਹੋਵਣ ਜੀ।
ਕਾਰਜ ਸ਼ੁੱਭ, ਅਸ਼ੁੱਭ ਤੇ, ਕਰੋ ਨਾ ਤੁਸੀ ਵਿਚਾਰ,
ਹਰਦਮ ਮੇਰੇ ਨਾਲ ਹੈ, ਕਰਨ-ਕਰਾਵਨਹਾਰ।
ਕਹੇ ਸੀ ਜਗ ਨੇ ਗੁਰਾਂ ਨੂੰ, ਬੇਤਾਲੇ ਜਦੋ ਬੋਲ,
ਸਮਝਣ ਜੋ ਦੁੱਖ ਗੈਰ ਦੇ, ਮਿਲਣ ਨਾ ਬਚਿਲੇ ਟੋਲ।

ਮੋਬਾਈਲ : 90419-19908

ਚਲਦਾ...

ਗੁਰੂ ਗ੍ਰੰਥ ਸਾਹਿਬ ਦੇ ਭਗਤ ਬਾਣੀਕਾਰ

ਭਗਤ ਰਾਮਾਨੰਦ ਜੀ

ਅਧਿਆਤਮਿਕ ਖੇਤਰ ਵਿਚ ਰੱਖੀ ਏਕਤਾ ਦਾ ਹੋਕਾ ਦੇਣ ਵਾਲੇ ਭਗਤ ਆਪਣੇ ਸਮੇਂ ਦੇ ਸਮਾਜ ਨੂੰ ਸੁਧਾਰਨ ਅਤੇ ਨਿਖਾਰਨ ਵਿਚ ਵੀ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ। ਇਸ ਬਦਲੇ ਉਨ੍ਹਾਂ ਦਾ ਵਿਰੋਧ ਹੁੰਦਾ ਰਿਹਾ...

ਮੱਧ ਕਾਲ ਦੌਰਾਨ ਭਾਰਤ ਵਿਚ ਚੱਲੀ ਭਗਤੀ ਲਹਿਰ ਰੂਹਾਨੀਅਤ ਦੀ ਅਮੀਰੀ ਦੇ ਨਾਲ-ਨਾਲ ਇਕ ਧਾਰਮਿਕ ਅਤੇ ਸਮਾਜਿਕ ਚੇਤਨਾ ਦੀ ਲਹਿਰ ਵੀ ਸੀ। ਮਨੁੱਖਤਾ ਨੂੰ ਰੂਹਾਨੀ ਰੰਗ ਵਿਚ ਰੰਗਣ ਵਾਲੀ ਇਸ ਭਗਤੀ ਲਹਿਰ ਦਾ ਧਾਰਮਿਕ ਖੇਤਰ ਵਿਚ ਇਕ ਅਹਿਮਤਰੀਨ ਯੋਗਦਾਨ ਰਿਹਾ ਹੈ। ਇਸ ਲਹਿਰ ਨਾਲ ਜੁੜੇ ਭਗਤਾਂ ਵੱਲੋਂ ਜਿਹੜੀ ਬਾਣੀ ਉਚਾਰਣ ਕੀਤੀ ਗਈ ਹੈ,ਉਸ ਵਿਚ ਧਰਮ ਦੇ ਕਰਮਕਾਂਡੀ ਰੂਪ ਨੂੰ ਰੱਦ ਕਰ ਕੇ ਸੱਚੇ ਅਚਾਰ ਅਤੇ ਸੁਚੱਜੇ ਵਿਹਾਰ ਨੂੰ ਧਰਮ ਦਾ ਬੁਨਿਆਦੀ ਤੱਤ ਮੰਨਿਆ ਗਿਆ ਹੈ। ਇਹ ਮਾਨਤਾ ਕੇਵਲ ਗੱਲੀ-ਬਾਤੀ ਹੀ ਨਹੀ ਦਿੱਤੀ ਗਈ ਸਗੋਂ ਭਗਤ-ਜਨਾ ਦਾ ਆਪਣਾ ਸਮੁੱਚਾ ਜੀਵਨ ਵੀ ਇਸ ਮਾਨਤਾ ਦੇ ਅਨੁਸਾਰੀ ਹੀ ਰਿਹਾ ਹੈ। ਅਧਿਆਤਮਿਕ ਖੇਤਰ ਵਿਚ ਰੱਖੀ ਏਕਤਾ ਦਾ ਹੋਕਾ ਦੇਣ ਵਾਲੇ ਇਹ ਭਗਤ ਆਪਣੇ ਸਮੇਂ ਦੇ ਸਮਾਜ ਨੂੰ ਸੁਧਾਰਨ ਅਤੇ ਨਿਖਾਰਨ ਵਿਚ ਵੀ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ। ਇਸ ਯੋਗਦਾਨ ਦੇ ਬਦਲੇ ਇਨ੍ਹਾਂ ਮਹਾਂਪੁਰਖਾਂ ਨੂੰ ਕਈ ਵਾਰ ਕੱਟੜਵਾਦੀਆਂ ਦੀ ਨਫ਼ਰਤ ਅਤੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪੈਂਦਾ ਰਿਹਾ ਹੈ।

ਆਪਣੀ ਵਿਸ਼ੇਸ਼ ਤੇ ਵਿਲੱਖਣ ਵਿਚਾਰਧਾਰਾ ਨਾਲ ਜਿਥੇ ਇਨ੍ਹਾਂ ਪ੍ਰਭੂ-ਪਿਆਰਿਆਂ ਨੇ ਜ਼ੀਰ-ਮਨੁੱਖੀ ਵਰਤਾਰਿਆਂ ਨੂੰ ਖ਼ਾਰਜ ਕੀਤਾ ਹੈ,ਉਥੇ ਨਵੀਨ ਮੁਹਾਂਦਰੇ ਵਾਲੇ ਸਮਾਜ ਦੀ ਸਿਰਜਣਾ ਹਿੱਤ ਵੀ ਅਣਥੱਕ ਜਤਨ ਕੀਤੇ ਹਨ। ਇਨ੍ਹਾਂ ਜਤਨਾਂ ਸਦਕਾ ਹੀ ਭਗਤਾਂ ਦੀ ਇਕ ਅੱਡਰੀ ਪਛਾਣ ਸਥਾਪਤ ਹੁੰਦੀ ਰਹੀ ਹੈ, ਜਿਹੜੀ ਉਨ੍ਹਾਂ ਨੂੰ ਇਲਾਕਾਈ ਅਤੇ ਭਾਸ਼ਾਈ ਹੱਦਾਂ-ਬੰਨਿਆਂ ਤੋਂ ਪਾਰ ਲਿਜਾ ਕੇ ਲੋਕਾਈ ਦੇ ਸਤਿਕਾਰ ਦਾ ਪਾਤਰ ਬਣਾਉਂਦੀ ਰਹੀ ਹੈ। ਇਨ੍ਹਾਂ ਲੋਕ ਸਤਿਕਾਰਤ ਪਾਤਰਾਂ ਵਿਚ ਹੀ ਸ਼ਾਮਲ ਹੈ ਉਤਰੀ ਭਾਰਤ ਦੀ ਭਗਤੀ ਲਹਿਰ ਦੇ ਮੋਢੀ ਭਗਤ ਰਾਮਾਨੰਦ ਜੀ ਦਾ ਨਾਮ।

ਭਗਤ ਰਾਮਾਨੰਦ ਜੀ (ਜਿਨ੍ਹਾਂ ਨੂੰ ਸਵਾਮੀ ਰਾਮਾਨੰਦ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ) ਦਾ ਜਨਮ 15 ਅਗਸਤ 1366 ਈ. (ਸੰਮਤ 1423) ਨੂੰ

ਇਕ ਗੌੜ ਬ੍ਰਾਹਮਣ ਸ੍ਰੀ ਭੂਰਿਕਰਮਾ ਅਤੇ ਮਾਤਾ ਸੁਸ਼ੀਲਾ ਦੇਵੀ ਦੇ ਗ੍ਰਹਿ ਵਿਖੇ ਪ੍ਰਯਾਗ ਰਾਜ (ਅਲਾਹਾਬਾਦ), ਉੱਤਰ ਪ੍ਰਦੇਸ਼ ਵਿਚ ਹੋਇਆ। ਕੁੱਝ ਕੁ ਲੇਖਕਾਂ ਦੀਆਂ ਲਿਖਤਾਂ ਵਿਚ ਭਗਤ ਜੀ ਦੇ ਪਿਤਾ ਦਾ ਨਾਮ ਸਦਨ ਸ਼ਰਮਾ ਅਤੇ ਜਨਮ ਸਥਾਨ ਕਾਂਸ਼ੀ ਵੀ ਲਿਖਿਆ ਗਿਆ ਹੈ। ਬਚਪਨ ਵਿਚ ਉਨ੍ਹਾਂ ਨੂੰ ਰਾਮਾਦੱਤ ਦੇ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ।

ਭਗਤ ਰਾਮਾਨੰਦ ਜੀ ਅਚਾਰੀਆ 'ਰਾਮਾਨੁਜ' ਜੀ ਦੁਆਰਾ ਚਲਾਈ ਗਈ ਸ੍ਰੀ ਸੰਪਰਦਾ ਦੇ ਇਕ ਉੱਘੇ ਪ੍ਰਚਾਰਕ ਸਵਾਮੀ ਰਾਘਵਨੰਦ ਦੇ ਚੇਲੇ ਸਨ, ਜਿਹੜੇ ਇਸ ਸੰਪਰਦਾ ਦੇ ਤੇਰਵੇਂ ਮੁਖੀ ਸਨ। ਭਗਤ ਜੀ ਦਾ ਜੀਵਨ-ਕਾਲ ਇਕ ਸਦੀ ਤੋਂ ਵੀ ਵਧੇਰੇ ਮੰਨਿਆ ਜਾਂਦਾ ਹੈ,ਜਿਸ ਦਾ ਬਹੁਤਾ ਹਿੱਸਾ ਉਨ੍ਹਾਂ ਨੇ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿ ਕੇ ਹੀ ਗੁਜ਼ਾਰਿਆ। ਭਗਤ ਜੀ ਲੰਮੇ ਸਮੇਂ ਤਕ ਸ੍ਰੀ ਸੰਪਰਦਾ ਨਾਲ ਜੁੜ ਕੇ ਆਪਣੀਆਂ ਅਧਿਆਤਮਕ ਗਤੀਵਿਧੀਆਂ ਨੂੰ ਨੇਪਰੇ ਚੜ੍ਹਦੇ ਰਹੇ ਹਨ ਪਰ ਬਾਅਦ ਵਿਚ ਉਨ੍ਹਾਂ ਨੇ ਰਾਮਾਵਤ/ਰਾਮਾਦਤ ਸੰਪਰਦਾ ਦੀ ਸਥਾਪਨਾ ਕਰ ਲਈ। ਇਸ ਸੰਪਰਦਾ ਦੇ ਸਿਧਾਂਤ ਤਾਂ ਪਹਿਲਾਂ (ਸ੍ਰੀ ਸੰਪਰਦਾ) ਵਾਲੇ ਹੀ ਰਹੇ ਪਰ ਸਾਧਨਾ-ਪਧਤੀ ਵਿਚ ਕੁੱਝ ਉਦਾਰਤਾ ਜ਼ਰੂਰ ਕਾਇਮ ਹੋ ਗਈ। ਇਸ ਲਹਿਰ ਨਾਲ ਭਗਤੀ ਲਹਿਰ ਵਿਚ ਇਕ ਨਿਵੇਕਲਾ ਰੰਗ ਅਤੇ ਢੰਗ ਦਿਖਾਈ ਦੇਣ ਲੱਗ ਪਿਆ। ਇਸ ਰੰਗ ਅਤੇ ਢੰਗ ਕਾਰਨ ਹੀ ਉਸ ਵਕਤ ਦੀਆਂ ਕੁੱਝ ਛੁੱਟਿਆਈਆਂ ਜਾਂਦੀਆਂ ਜਾਤਾਂ ਦੇ ਲੋਕ ਵੀ ਇਸ ਕ੍ਰਾਂਤੀਕਾਰੀ ਲਹਿਰ ਨਾਲ ਜੁੜਨ ਲੱਗੇ ਅਤੇ ਪਰਮ ਪਿਤਾ ਦੀ ਭਗਤੀ ਦਾ ਹੱਕ ਹਾਸਲ ਕਰਨ ਲੱਗੇ। ਭਗਤ ਰਾਮਾਨੰਦ ਜੀ ਦੇ ਉਚੇਚੇ ਜਤਨਾਂ ਨਾਲ ਰਾਮ-ਨਾਮ ਦੀ ਗੰਗਾ ਝੁੱਗੀਆਂ ਝੋਪੜੀਆਂ ਦੇ ਬਸ਼ਿੰਦਿਆਂ ਤਕ ਵੀ ਪਹੁੰਚ ਗਈ ਅਤੇ ਉਨ੍ਹਾਂ ਦਾ ਆਤਮਿਕ ਜੀਵਨ ਵੀ ਆਨੰਦਿਤ ਹੋਣ ਲੱਗਾ। ਉਸ ਵਕਤ ਦੇ ਵਰਣ-ਵੰਡ ਵਾਲੇ ਸਮਾਜ ਵਿਚ ਭਗਤ ਜੀ ਦੁਆਰਾ ਕੀਤਾ ਗਿਆ ਬਰਾਬਰਤਾ ਦਾ ਇਹ ਉਪਰਾਲਾ ਕਿਸੇ ਕ੍ਰਾਂਤੀਕਾਰੀ ਕਦਮ ਤੋਂ ਘੱਟ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਵਕਤ ਪੂਜਾ-ਪਾਠ ਦਾ ਅਧਿਕਾਰ ਕੁੱਝ ਰਾਖਵੀਆਂ ਸ਼੍ਰੇਣੀਆਂ ਦੇ ਲੋਕਾਂ ਦੇ ਹੀ ਹਿੱਸੇ ਆਉਂਦਾ ਸੀ। ਭਗਤ ਜੀ ਦੀ ਇਸ ਫ਼ਰਾਖਦਿਲੀ ਵਾਲੀ ਸੋਚ-ਸਮਝ ਤੋਂ ਪ੍ਰਭਾਵਿਤ ਹੋ ਕੇ ਵੈਰਾਗੀ ਸੰਪਰਦਾ ਵਾਲੇ ਵੀ ਉਨ੍ਹਾਂ ਨੂੰ ਆਪਣਾ ਅਚਾਰੀਆ ਮੰਨਣ ਲੱਗ ਪਏ। ਸਮਾਂ ਪਾ ਕੇ ਭਗਤ ਰਾਮਾਨੰਦ ਜੀ ਨੇ ਵੈਸ਼ਨਵ ਮੱਤ ਨੂੰ ਤਿਆਗ ਦਿੱਤਾ ਅਤੇ ਅਕਾਲ-ਪੁਰਖ ਦੇ ਨਿਰਗੁਣ ਸਰੂਪ ਦੇ ਉਪਾਸ਼ਕ ਬਣ ਗਏ। ਭਗਤ ਜੀ ਦੀ ਇਸ ਉਪਾਸ਼ਨਾ ਕਾਰਨ ਹੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦਾ ਬਸੰਤ ਰਾਗ ਵਿਚ ਉਚਾਰਣ ਕੀਤਾ ਹੋਇਆ ਇਹ ਸ਼ਬਦ 'ਕਤ ਜਾਈਐ ਰੇ ਘਰ ਲਾਗੀ ਰੰਗੁ ਮੇਰਾ ਚਿੱਤੁ ਨਾ ਚਲੈ ਮਨੁ ਭਇਓ ਪੰਗੁਰਾਂ', ਗੁਰੂ ਗ੍ਰੰਥ ਸਾਹਿਬ ਦੇ ਅੰਗ 1195 ਉਪਰ ਦਰਜ ਕੀਤਾ ਹੈ। ਆਪਣੀ ਮਾਨਸਿਕ ਅਵਸਥਾ ਨੂੰ ਬਿਆਨਦੇ ਹੋਏ ਸਵਾਮੀ ਜੀ ਦੱਸਦੇ ਹਨ ਕਿ ਮੇਰਾ ਮਨ ਪਿੰਗਲਾ ਹੋ ਗਿਆ ਹੈ ਭਾਵ ਹੁਣ ਇਹ ਦਰ-ਦਰ 'ਤੇ ਨਹੀਂ ਭਟਕਦਾ ਸਗੋਂ ਆਪਣੇ ਪਿਆਰੇ ਨੂੰ ਪੂਰਨ ਰੂਪ ਵਿਚ ਸਮਰਪਿਤ ਹੋ ਗਿਆ ਹੈ।

ਭਗਤ ਰਾਮਾਨੰਦ ਜੀ ਦੇ ਕਈ ਹੋਰ ਵੀ ਪ੍ਰਸਿੱਧ ਚੇਲੇ ਹੋਏ ਹਨ ਜਿਨ੍ਹਾਂ ਨੇ ਆਪਣੇ-ਆਪਣੇ ਸਮੇਂ ਵਿਚ ਮਨੁੱਖਤਾ ਨੂੰ ਸੱਚ ਨਾਲ ਜੋੜਿਆ ਅਤੇ ਕੂੜ ਤੋਂ ਮੋੜਿਆ ਹੈ। ਭਗਤ ਜੀ ਦੇ ਇਨ੍ਹਾਂ ਚੇਲਿਆਂ ਵਿਚ ਸਤਿਗੁਰ ਕਬੀਰ ਜੀ, ਭਗਤ ਸੈਣ ਜੀ ਅਤੇ ਭਗਤ ਪੀਪਾ ਜੀ ਦਾ ਨਾਂ ਵਰਨਣ ਯੋਗ ਹੈ। ਭਗਤੀ ਲਹਿਰ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਇਨ੍ਹਾਂ ਸਾਰੇ ਭਗਤਾਂ ਨੇ ਕਾਬਲ-ਏ-ਤਰੀਫ਼ ਯੋਗਦਾਨ ਪਾਇਆ ਹੈ ਅਤੇ ਰੱਖੀ ਨੇੜਤਾ ਤੇ ਪਿਆਰ ਹਾਸਲ ਕਰਨ ਲਈ ਭਾਓ-ਭਗਤੀ ਦੇ ਮਾਰਗ ਨੂੰ ਇੱਕ ਉੱਤਮ ਮਾਰਗ ਦਰਸਾਇਆ ਹੈ।

ਆਪਣੀ ਹਯਾਤੀ ਦਾ ਲੰਮਾ ਸਮਾਂ ਗੰਗਾ ਦੇ ਕੰਢੇ (ਕਾਂਸ਼ੀ ਵਿਚ) 'ਤੇ ਬਤੀਤ ਕਰਕੇ ਭਗਤ ਰਾਮਾਨੰਦ ਜੀ 12 ਦਸੰਬਰ 1467 ਨੂੰ ਪ੍ਰਲੋਕ ਗਮਨ ਕਰ ਗਏ। ਬੇਸ਼ੱਕ ਭਗਤ ਜੀ ਇਕ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ ਪਰ ਉਹ ਬ੍ਰਾਹਮਣਵਾਦੀ (ਵਿਸ਼ੇਸ਼ ਕਰ ਕੇ ਭੁਲੇਖਾ ਪਾਊ) ਪਸਾਰੇ ਤੋਂ ਨਿਰਲੇਪ ਹੀ ਰਹੇ। ਉਨ੍ਹਾਂ ਦੇ ਮੁਤਾਬਿਕ ਪੂਰੇ ਗੁਰੂ ਦੀ ਸ਼ਰਨ ਹੀ ਜਨਮਾਂ-ਜਨਮਾਤਰਾਂ ਦੇ ਬੰਧਨਾਂ ਨੂੰ ਕੱਟਣ ਦੇ ਸਮਰੱਥ ਬਣਦੀ ਹੈ।

ਅੱਜ ਵੀ ਭਗਤ ਰਾਮਾਨੰਦ ਜੀ ਦੇ ਕਮਾਏ ਹੋਏ ਉਪਦੇਸ਼ਾਂ ਦੀ ਓਨੀ ਹੀ ਸਾਰਥਿਕਤਾ ਹੈ ਜਿੰਨੀ ਉਨ੍ਹਾਂ ਦੇ ਆਪਣੇ ਸਮਕਾਲ ਵਿਚ ਸੀ। ਲੋਕ ਸਿਰਫ਼ ਉਨ੍ਹਾਂ ਨੂੰ ਆਪਣੇ ਅੰਗ-ਸੰਗ ਲਗਾਉਣ ਦੀ ਹੈ। ਪਰ ਅਫਸੋਸ ਕਿ ਅਸੀਂ ਆਪਣੇ ਪੁਰਖਿਆਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚੋਂ ਦਿਨ-ਬ-ਦਿਨ ਮਨਫ਼ੀ ਕਰੀ ਜਾ ਰਹੇ ਹਾਂ ਅਤੇ ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਸੰਤਾਪ ਭੋਗੀ ਜਾ ਰਹੇ ਹਾਂ।

• ਰਮੇਸ਼ ਬੱਗਾ ਚੋਹਲਾ

ਮੋਬਾਈਲ 9463132719

ਸੇਵਾ ਭਾਵ ਵਾਲੇ ਭਗਤ ਸੈਣ ਜੀ

ਜਨਮ ਦਿਵਸ 'ਤੇ ਵਿਸ਼ੇਸ਼

ਭਗਤ ਸੈਣ ਜੀ ਜਨਮ ਸਮੇਂ ਤੋਂ ਹੀ ਪ੍ਰਭੂ ਭਗਤੀ ਵਿੱਚ ਲੀਨ ਰਹਿਣ ਵਾਲੇ, ਮਿੱਠਬੋਲੜੇ ਤੇ ਸੇਵਾ ਭਾਵ ਵਾਲੇ ਮਹਾਂਪੁਰਸ਼ ਸਨ। ਕਈ ਵਿਦਵਾਨ ਆਪ ਦਾ ਜਨਮ ਬੁਧੂ ਗੜ੍ਹ, ਯੂ.ਪੀ ਵਿੱਚ ਹੋਇਆ ਮੰਨਦੇ ਹਨ ਤੇ ਕਈ ਵਿਦਵਾਨ ਆਪ ਦਾ ਜਨਮ ਅੰਮ੍ਰਿਤਸਰ ਵਿੱਚ 1390 ਈ: ਨੂੰ ਹੋਇਆ ਦੱਸਦੇ ਹਨ। ਆਪ ਦੇ ਪਿਤਾ ਦਾ ਨਾਮ ਸ੍ਰੀ ਮੁਕੰਦ ਰਾਏ ਤੇ ਮਾਤਾ ਦਾ ਨਾਮ ਮਾਤਾ ਜੀਵਨੀ ਜੀ ਕਰ ਕੇ ਇਤਹਾਸ ਵਿੱਚ ਆਉਂਦਾ ਹੈ। ਆਪ ਦੀ ਪਤਨੀ ਦਾ ਨਾਮ ਸੁਲੱਖਣੀ ਸੀ।

ਆਪ ਬੁੰਦੇਲ ਖੰਡ (ਬਾਂਧਵ ਗੜ੍ਹ) ਦੇ ਰਾਜਾ 'ਰਾਜਾ ਰਾਮ' ਪਾਸ ਨੌਕਰੀ ਕਰਦੇ ਸਨ। ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਦੇ 229 ਪੰਨੇ 'ਤੇ ਭਗਤ ਜੀ ਬਾਰੇ ਜਾਣਕਾਰੀ ਦਿੰਦੇ ਲਿਖਦੇ ਹਨ ਕਿ ਭਗਤ ਸੈਣ ਜੀ ਬਾਂਧਵਗੜ੍ਹ ਦੇ ਰਾਜਾ 'ਰਾਜਾ ਰਾਮ' ਪਾਸ ਨੌਕਰੀ ਕਰਦੇ ਸਨ। ਇਹ ਭਗਤ ਰਾਮਾਨੰਦ ਦੇ ਸਿੱਖ ਹੋ ਕੇ ਸਾਧੂ ਸੇਵਾ ਪਰਾਇਣ ਹੋਏ ਅਤੇ ਉੱਚ ਸ੍ਰੇਣੀ ਦੇ ਭਗਤਾਂ ਵਿੱਚ ਗਿਣੇ ਗਏ। ਭਗਤ ਸੈਣ ਜੀ ਦੇ ਘਰਾਣੇ ਦੇ ਲੋਕ ਇਸ ਵੇਲੇ ਰੀਵਾ ਵਿੱਚ ਰਹਿੰਦੇ ਹਨ। ਇਸ ਮਹਾਤਮਾ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ :

(ਧਨਾਸਰੀ) ਸ੍ਰੀ ਸੈਣੁ ਜੀ
ਧੂਪ ਦੀਪ ਘ੍ਰਿਤ ਸਾਜਿ ਆਰਤੀ॥
ਵਾਰਨੇ ਜਾਉ ਕਮਲਾਪਤੀ॥
ਮੰਗਲਾ ਹਰਿ ਮੰਗਲਾ॥
ਨਿਤ ਮੰਗਲ ਰਾਜਾ ਰਾਮ ਰਾਇ ਕੋ॥ ਰਹਾਉ॥
ਊਤਮੁ ਦੀਅਰਾ ਨਿਰਮਲ ਬਾਤੀ॥
ਤੁਹੀ ਨਿਰੰਜਨੁ ਕਮਲਾਪਾਤੀ॥
ਰਾਮਾ ਭਗਤਿ ਰਾਮਾਨੰਦ ਜਾਨੈ॥
ਪੂਰਨ ਪਰਮਾਨੰਦ ਬਖਾਨੈ॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ॥
ਸੈਨੁ ਭਣੈ ਭਜੁ ਪਰਮਾਨੰਦੇ॥ ਅੰਗ 695

ਭਗਤ ਸੈਣ ਜੀ ਬਾਂਧਵ ਗੜ੍ਹ ਦੇ ਰਾਜੇ ਪਾਸ ਸੇਵਾਦਾਰ ਸਨ। ਰਾਜੇ ਦੀ ਹਰ ਪ੍ਰਕਾਰ ਦੀ ਦੇਖਭਾਲ ਕਰਨੀ ਰੋਜ਼ਾਨਾ ਦੇ ਮੁੱਖ ਕੰਮ ਸਨ। ਕਬੀਰ ਜੀ ਦੀ ਮਹਿਮਾ ਸੁਣ ਕੇ ਆਪ ਭਗਤ ਕਬੀਰ ਜੀ ਨੂੰ ਮਿਲਣ

ਬਨਾਰਸ 'ਚ ਆਪ ਦਾ ਮੇਲ ਭਗਤ ਰਾਮਾਨੰਦ ਜੀ ਨਾਲ ਹੋਇਆ। ਆਪ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਗੁਰੂ ਧਾਰਨਾ ਕਰ ਲਈ...

ਬਨਾਰਸ ਚਲੇ ਗਏ। ਇਸ ਬਾਬਤ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਲਿਖਦੇ ਹਨ ਕਿ :

ਸੁਣਿ ਪਰਤਾਪੁ ਕਬੀਰ ਦਾ
ਦੂਜਾ ਸਿਖ ਹੋਆ ਸੈਣੁ ਨਾਈ।
ਪ੍ਰੇਮਿ ਭਗਤਿ ਰਾਤੀ ਕਰੈ
ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ
ਕੀਰਤਨੁ ਹੋਆ ਰੈਣਿ ਸਬਾਈ।
ਵਸਿ ਕੀਤਾ ਹਉਂ ਤੁਧੁ
ਅਜੁ ਬੋਲੈ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ।
(ਵਾਰ 10ਵੀਂ, ਪਉੜੀ 16ਵੀਂ)

ਉੱਥੇ ਆਪ ਦਾ ਮੇਲ ਭਗਤ ਰਾਮਾਨੰਦ ਜੀ ਨਾਲ ਹੋਇਆ। ਆਪ ਭਗਤ ਰਾਮਾਨੰਦ ਜਿਹੀ ਸ਼ਖ਼ਸੀਅਤ ਨੂੰ ਮਿਲ ਕੇ ਬਹੁਤ ਪ੍ਰਭਾਵਿਤ ਹੋਏ ਤੇ ਗੁਰੂ ਧਾਰਣਾ ਕਰ ਲਈ। ਕੁੱਝ ਸਮਾਂ ਸੈਣ ਜੀ ਭਗਤ ਰਾਮਾਨੰਦ ਜੀ ਕੋਲ ਰਹਿ ਕੇ ਵਾਪਸ ਆਪਣੇ ਘਰ ਆ ਗਏ। ਦੁਨਿਆਵੀ ਕੰਮਾਂ ਦੇ ਨਾਲ-ਨਾਲ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਤੇ ਘਰ ਆਏ ਸੰਤਾਂ ਮਹਾਤਮਾ ਦੀ ਸੇਵਾ ਵਿੱਚ ਵੀ ਕੋਈ ਕਸਰ ਬਾਕੀ ਨਾ ਛੱਡਦੇ। ਕਹਿੰਦੇ ਹਨ ਕਿ ਆਪ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਭੁੱਖ, ਨੀਂਦ ਤੇ ਲਾਲਚ ਆਦਿ ਤੋਂ ਮੁਕਤੀ ਪਾ ਚੁੱਕੇ ਸਨ। ਇਨ੍ਹਾਂ ਚੀਜ਼ਾਂ ਦਾ ਆਪ ਉੱਪਰ ਕੋਈ ਅਸਰ ਨਹੀਂ ਸੀ। ਕਹਿੰਦੇ ਹਨ ਕਿ ਇਕ ਵਾਰ ਆਪ ਦੇ ਘਰ ਕੁੱਝ ਸਾਧੂ ਸੰਤ ਆ ਗਏ ਤੇ ਆਪ ਉਨ੍ਹਾਂ ਦੀ ਸੇਵਾ ਵਿੱਚ ਐਸੇ ਰੁੱਝੇ ਕਿ ਰਾਜੇ ਦੇ ਦਰਬਾਰ ਦੋ ਦਿਨ ਤਕ ਨਹੀਂ ਗਏ। ਜਦ ਤੀਜੇ ਦਿਨ ਉਹ ਸਾਧੂ ਸੰਤ ਵਾਪਸ ਗਏ ਤਾਂ ਆਪ ਦੇ ਧਿਆਨ ਵਿੱਚ ਇਕ ਦਮ ਰਾਜੇ ਦਾ ਖ਼ਿਆਲ ਆਇਆ ਤੇ ਆਪ ਜਲਦੀ-ਜਲਦੀ ਰਾਜੇ ਦੇ ਮਹਿਲਾਂ ਵੱਲ ਚੱਲ ਪਏ ਤੇ ਮਨ ਵਿੱਚ ਸੋਚਦੇ ਗਏ ਕਿ ਮੈਂ ਦੋ ਦਿਨ ਰਾਜੇ ਦੇ ਦਰਬਾਰ ਵਿੱਚ ਹਾਜ਼ਰੀ ਨਹੀਂ ਭਰੀ, ਰਾਜਾ ਮੇਰੇ ਉੱਪਰ ਬਹੁਤ ਗੁੱਸਾ ਕਰੇਗਾ। ਜਦ ਆਪ ਰਾਜੇ ਦੇ ਸਾਹਮਣੇ ਗਏ ਤਾਂ ਰਾਜੇ ਨੇ ਆਪ ਨੂੰ ਦੇਖ ਕੇ ਇਕ ਦਮ ਆਪ ਦੇ ਚਰਨ ਪਕੜ ਲਏ ਤੇ ਆਪਣੇ ਸਿੰਘਾਸਨ 'ਤੇ ਬੈਠਾ ਦਿੱਤਾ। ਦਰਬਾਰ ਦੇ ਬਾਕੀ ਮੰਤਰੀ ਇਹ ਸਭ ਕੁੱਝ ਦੇਖ ਕੇ ਬਹੁਤ ਹੈਰਾਨ ਹੋਏ। ਭਗਤ ਜੀ ਨੇ ਦੋ ਦਿਨ ਨਾ ਆਉਣ ਕਰਕੇ ਮਾਫ਼ੀ ਮੰਗੀ ਤਾਂ ਰਾ

ਪੰਜਾਬ ਦੇ ਪੁਲਸ ਮੁਲਾਜਮਾਂ ਲਈ ਜਾਰੀ ਹੋਏ ਨਵੇਂ ਹੁਕਮ

ਚੰਡੀਗੜ੍ਹ/ਫਗਵਾੜਾ 16 ਜਨਵਰੀ। ਗਣਤੰਤਰ ਦਿਵਸ ਦੇ ਸਮਾਗਮਾਂ ਦੇ ਚੱਲਦੇ ਪੰਜਾਬ ਪੁਲਸ ਨੇ ਸੂਬੇ ਦੇ ਸਾਰੇ ਮੁਲਾਜਮਾਂ ਦੀਆਂ ਛੁੱਟੀਆਂ 27 ਜਨਵਰੀ ਤੱਕ ਰੱਦ ਕਰ ਦਿੱਤੀਆਂ ਹਨ। ਸੋਮਵਾਰ ਨੂੰ ਜਾਰੀ ਇਕ ਅਧਿਕਾਰਤ ਬਿਆਨ ਵਿਚ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਸ ਗੌਰਵ ਯਾਦਵ ਵਲੋਂ ਜਾਰੀ ਕੀਤੇ ਗਏ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਮਿਤੀਆਂ ਦੌਰਾਨ ਜੀ. ਓ. ਐੱਸ. ਐਨ. ਜੀ. ਓ. ਅਤੇ ਈ. ਪੀ. ਓ. ਐੱਸ. ਦੀ ਕੋਈ ਛੁੱਟੀ ਮਨਜੂਰ ਨਹੀਂ ਕੀਤੀ ਜਾਵੇਗੀ। ਆਗਾਮੀ 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਸਮਾਗਮਾਂ ਕਾਰਣ ਪਹਿਲਾਂ ਤੋਂ ਮਨਜੂਰ ਕੀਤੀਆਂ ਗਈਆਂ ਸਾਰੀਆਂ ਛੁੱਟੀਆਂ ਵੀ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੀਆਂ ਗਈਆਂ ਹਨ। ਕਪੂਰਥਲਾ ਦੇ

ਸੀਨੀਅਰ ਪੁਲਸ ਸੁਪਰਡੈਂਟ ਗੌਰਵ ਤੂਰਾ ਨੇ ਅੱਜ ਇੱਥੇ ਕਿਹਾ ਕਿ ਇਸ ਸਮੇਂ ਦੌਰਾਨ ਪੰਜਾਬ ਪੁਲਸ 'ਹਾਈ ਅਲਰਟ' 'ਤੇ ਰਹੇਗੀ। ਇਸ ਦੌਰਾਨ ਜ਼ਿਲ੍ਹੇ ਨੂੰ ਅਪਰਾਧ ਮੁਕਤ ਬਣਾਉਣ ਦੇ ਯਤਨਾਂ ਵਿਚ ਜ਼ਿਲ੍ਹਾ ਪੁਲਸ ਨੇ ਕੋਰਡਨ ਐਂਡ ਸਰਚ ਆਪ੍ਰੇਸਨ () ਸੁਰੂ ਕੀਤਾ ਹੈ, ਜਿਸ ਵਿਚ ਵਿਭਾਗ ਦੇ ਉੱਚ ਅਧਿਕਾਰੀ ਖੁਦ ਸਨੈਚਰਾਂ, ਲੁਟੇਰਿਆਂ, ਚੋਰਾਂ ਅਤੇ ਨਸੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਜਮੀਨੀ ਪੱਧਰ 'ਤੇ ਤਲਾਸੀ ਮੁਹਿੰਮ ਚਲਾਈ ਜਾਵੇਗੀ। ਫਗਵਾੜਾ ਵਿਚ ਪੁਲਸ ਸੁਪਰਡੈਂਟ (ਐੱਸਪੀ) ਰੁਪਿੰਦਰ ਕੌਰ ਭੱਟੀ ਨੇ ਕਿਹਾ ਕਿ ਸਤਨਾਮਪੁਰਾ ਪੁਲਸ ਦੀ ਇਕ ਟੀਮ ਨੇ ਅੱਜ ਤੜਕੇ ਲਾਅ ਗੇਟ ਅਤੇ ਇਸਦੇ ਆਲੇ-ਦੁਆਲੇ ਦੇਸ ਵਿਰੋਧੀ ਅਤੇ ਸਮਾਜ ਵਿਰੋਧੀ ਤੱਤਾਂ ਦੀ ਜਾਂਚ ਲਈ ਤਲਾਸੀ ਮੁਹਿੰਮ ਚਲਾਈ।

ਪੰਜਾਬ ਦੀ ਸਿਆਸਤ 'ਚ ਵੱਡੀ ਹਲਚਲ, ਮਨਪ੍ਰੀਤ ਨੇ ਸੋਸ਼ਲ ਮੀਡੀਆ ਪੋਸਟ ਕਰਕੇ ਕੀਤਾ ਵੱਡਾ ਧਮਾਕਾ

ਚੰਡੀਗੜ੍ਹ 16 ਜਨਵਰੀ। ਅਕਾਲੀ ਦਲ ਵਿਚ ਚੱਲ ਰਹੇ ਕਲੇਸ਼ ਦਰਮਿਆਨ ਮਨਪ੍ਰੀਤ ਇਆਲੀ ਨੇ ਵੱਡਾ ਧਮਾਕਾ ਕੀਤਾ ਹੈ। ਮਨਪ੍ਰੀਤ ਨੇ ਆਖਿਆ ਹੈ ਕਿ ਪਾਰਟੀ ਨੇ ਉਨ੍ਹਾਂ ਦੀ ਰਾਜਸਥਾਨ ਭਰਤੀ ਲਈ ਡਿਊਟੀ ਲਗਾਈ ਗਈ ਹੈ ਜਦਕਿ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਉਨ੍ਹਾਂ ਨੂੰ ਅਕਾਲੀ ਦਲ ਵਿਚ ਨਵੀਂ ਭਰਤੀ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ। ਹੁਣ ਉਹ ਜਥੇਦਾਰ ਸਾਹਿਬ ਦੇ ਅਗਲੇ ਹੁਕਮਾਂ ਦੀ ਉਡੀਕ ਵਿਚ ਹਨ। ਦਰਅਸਲ ਮਨਪ੍ਰੀਤ ਇਆਲੀ ਨੇ ਫੇਸਬੁੱਕ 'ਤੇ ਪੋਸਟ ਕਰਦਿਆਂ ਲਿਖਿਆ ਕਿ 'ਅਕਾਲ ਤਖਤ ਮਹਾਨ ਹੈ ਸਿੱਖ ਪੰਥ ਦੀ ਸਾਨ ਹੈ'। ਹਰ ਸਿੱਖ ਲਈ ਮੀਰੀ-ਪੀਰੀ

ਦੇ ਮਾਲਕ ਛੇਵੇਂ ਪਾਤਸਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪਵਿੱਤਰ ਅਸਥਾਨ ਸ੍ਰੀ ਅਕਾਲ ਤਖਤ ਸਰਵਉੱਚ ਹੈ ਅਤੇ ਮੈਂ ਪੂਰਨ ਤੌਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਸਮਰਪਿਤ ਹਾਂ। 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਫਸੀਲ ਤੋਂ ਜਥੇਦਾਰ ਸਹਿਬਾਨਾਂ ਵਲੋਂ ਜੋ ਹੁਕਮਨਾਮਾ ਸੁਣਾਇਆ ਗਿਆ ਸੀ ਉਹ ਇੰਨ-ਬਿਨ ਲਾਗੂ ਹੋਣਾ ਚਾਹੀਦਾ ਹੈ ਅਤੇ ਦਾਸ ਨੂੰ ਜੋ ਸੱਤ ਮੈਂਬਰੀ ਕਮੇਟੀ ਵਿਚ ਮੈਂਬਰ ਬਣਾਇਆ ਗਿਆ ਸੀ ਉਸ ਲਈ ਅਸੀਂ ਸਿੰਘ ਸਾਹਿਬ ਜੱਥੇਦਾਰ ਸਹਿਬਾਨਾਂ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਪਰ ਦੋ ਦਿਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਲੋਂ ਦਾਸ ਦੀ ਡਿਊਟੀ ਰਾਜਸਥਾਨ ਭਰਤੀ ਲਈ ਲਗਾਈ ਗਈ ਹੈ, ਉਸ ਬਾਰੇ ਅਸੀਂ ਜਥੇਦਾਰ ਸਾਹਿਬ ਜੀ ਦੇ ਆਦੇਸ ਹਾਸਿਲ ਕਰਕੇ ਜੋ ਹੁਕਮ ਸਾਨੂੰ ਜਥੇਦਾਰ ਸਾਹਿਬ ਵਲੋਂ ਹੋਵੇਗਾ ਉਸ ਦੀ ਅਸੀਂ ਪੂਰਨ ਤੌਰ 'ਤੇ ਪਾਲਣਾ ਕਰਾਂਗੇ।

ਪੰਜਾਬ ਦੇ ਇਨ੍ਹਾਂ ਵਾਰਡਾਂ ਦੀਆਂ ਚੋਣਾਂ ਰੱਦ ਕਰਨ ਦੇ ਮਾਮਲੇ 'ਚ ਹਾਈਕੋਰਟ ਦਾ ਵੱਡਾ ਫੈਸਲਾ

ਚੰਡੀਗੜ੍ਹ/ਪਟਿਆਲਾ 16 ਜਨਵਰੀ। ਪੰਜਾਬ ਸਰਕਾਰ ਵੱਲੋਂ ਪਟਿਆਲਾ ਦੇ 7 ਵਾਰਡਾਂ ਦੀਆਂ ਚੋਣਾਂ ਮੁਲਤਵੀ ਕਰਨ ਦੇ ਮਾਮਲੇ ਵਿਚ ਪੰਜਾਬ ਹਰਿਆਣਾ ਹਾਈਕੋਰਟ ਨੇ ਸਖਤ ਰਵੱਈਆ ਅਪਣਾਇਆ ਹੈ। ਹਾਈਕੋਰਟ ਨੇ 7 ਵਾਰਡਾਂ ਦੀਆਂ ਚੋਣਾਂ ਮੁਲਤਵੀ ਕਰਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਜੇਤੂ ਕੌਂਸਲਰਾਂ ਨੂੰ ਜੇਤੂ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਜੇਤੂ ਕੌਂਸਲਰ ਹੀ ਅਹੁਦੇ ਦੀ ਸਹੁੰ ਚੁੱਕ ਸਕਣਗੇ। ਪਟਿਆਲਾ ਦੇ 7 ਵਾਰਡਾਂ ਦੀਆਂ ਚੋਣਾਂ ਮੁਲਤਵੀ ਕਰਨ ਦੇ ਮਾਮਲੇ 'ਚ ਹਾਈਕੋਰਟ ਦਾ ਵੱਡਾ ਫੈਸਲਾ ਸੁਣਾਉਂਦੇ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ ਹੈ ਤਾਂ ਉਹ ਪਟੀਸ਼ਨ ਦਾਖਲ ਕਰਵਾ ਸਕਦਾ ਹੈ। ਇਥੇ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪਟਿਆਲਾ ਦੇ 7 ਵਾਰਡਾਂ ਦੀਆਂ ਚੋਣਾਂ ਰੱਦ ਕਰਨ ਦੇ ਫੈਸਲੇ ਮਗਰੋਂ ਚੋਣ ਕਮਿਸ਼ਨ ਨੇ ਬਾਅਦ ਵਿਚ ਚੋਣਾਂ ਕਰਵਾਉਣ ਦਾ ਭਰੋਸਾ ਦਿੱਤਾ ਸੀ। ਇਨ੍ਹਾਂ 7 ਵਾਰਡਾਂ ਵਿਚ ਗੜਬੜੀ ਕਰਨ ਦੇ ਦੋਸ਼ ਲਾਏ ਗਏ ਸਨ।

ਗੈਸ ਕੰਪਨੀਆਂ ਵੱਲੋਂ ਗਾਹਕਾਂ ਲਈ ਸਖਤ ਹਦਾਇਤ ਨਾ ਕੀਤਾ ਇਹ ਕੰਮ ਤਾਂ ਸਬਸਿਡੀ 'ਤੇ ਲੱਗ ਜਾਵੇਗੀ 'ਬ੍ਰੇਕ'

ਸਰਦੂਲ ਸਿੰਘ

ਮਾਲੇਰਕੋਟਲਾ 16 ਜਨਵਰੀ। ਦੇਸ਼ ਭਰ ਦੀਆਂ ਤਿੰਨੋਂ ਪ੍ਰਮੁੱਖ ਗੈਸ ਕੰਪਨੀਆਂ ਹਿੰਦੋਸਤਾਨ ਗੈਸ, ਭਾਰਤ ਗੈਸ ਅਤੇ ਇੰਡੇਨ ਗੈਸ ਵੱਲੋਂ ਮੌਜੂਦਾ ਸਮੇਂ ਦੌਰਾਨ ਰਸੋਈ ਗੈਸ ਖਪਤਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਈ ਰੱਖਣ ਲਈ ਮੁਫਤ 'ਚ ਸੁਰੱਖਿਆ ਜਾਂਚ ਅਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਮਕਸਦ ਹੈ ਕਿ ਘਰੇਲੂ ਗੈਸ ਸਿਲੰਡਰ, ਗੈਸੀ ਚੁੱਲੇ, ਰੈਗੂਲੇਟਰ ਅਤੇ ਸੁਰੱਖਿਆ ਪਾਈਪ ਆਦਿ ਦੀ ਜ਼ਮੀਨੀ ਪੱਧਰ 'ਤੇ ਜਾਂਚ-ਪੜਤਾਲ ਕਰਕੇ ਗੈਸ ਸਿਲੰਡਰ ਕਾਰਨ ਹੋਣ ਵਾਲੇ ਸੰਭਾਵਿਤ ਮਾਰੂ ਹਾਦਸਿਆਂ ਤੋਂ ਬਚਾਅ ਕੀਤਾ ਜਾ ਸਕੇ। ਗੈਸ ਕੰਪਨੀਆਂ ਵੱਲੋਂ ਜਾਰੀ ਕੀਤੇ ਗਏ ਨਿਯਮਾਂ ਅਤੇ ਸ਼ਰਤਾਂ ਮੁਤਾਬਕ ਹਰ ਗੈਸ ਏਜੰਸੀ ਦੇ ਡੀਲਰ ਅਤੇ ਡਲਿਵਰੀਮੈਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਬੰਧਤ ਖਪਤਕਾਰਾਂ ਦੇ ਰਸੋਈ ਘਰਾਂ 'ਚ ਲੱਗੇ ਗੈਸੀ ਚੁੱਲਿਆਂ, ਗੈਸ ਸਿਲੰਡਰ ਅਤੇ ਸੁਰੱਖਿਆ ਪਾਈਪ ਦੀ ਬਾਰੀਕੀ ਨਾਲ ਜਾਂਚ ਕਰੇ। ਇਸ ਦੌਰਾਨ ਜੇਕਰ ਗੈਸ ਪਾਈਪ ਕੱਟੀ-ਫਟੀ ਜਾਂ ਖਸਤਾ ਹਾਲਤ 'ਚ ਹੈ ਤਾਂ ਗੈਸ ਕੰਪਨੀਆਂ ਵੱਲੋਂ ਨਿਰਧਾਰਿਤ ਕੀਤੀਆਂ ਸ਼ਰਤਾਂ ਮੁਤਾਬਕ ਖਸਤਾਹਾਲ ਹੋ ਚੁੱਕੀ ਗੈਸ ਸੁਰੱਖਿਆ ਪਾਈਪ ਨੂੰ ਤੁਰੰਤ ਬਦਲਣ ਲਈ ਖਪਤਕਾਰਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਕਿ ਛੋਟੀਆਂ-ਛੋਟੀਆਂ ਸਾਵਧਾਨੀਆਂ ਅਪਣਾ ਕੇ ਭਵਿੱਖ 'ਚ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਵੱਡੇ ਹਾਦਸਿਆਂ ਨੂੰ ਟਾਲਿਆ ਜਾ ਸਕੇ। ਜ਼ਿਕਰਯੋਗ ਹੈ ਕਿ ਜਦੋਂ ਵੀ ਕੋਈ ਖਪਤਕਾਰ ਕਿਸੇ ਗੈਸ ਏਜੰਸੀ ਤੋਂ ਕੁਨੈਕਸ਼ਨ ਖਰੀਦਦਾ ਹੈ ਤਾਂ ਸਬੰਧਤ ਗੈਸ ਕੰਪਨੀ ਵੱਲੋਂ ਖਪਤਕਾਰ ਦੀ ਇੰਸੋਰੈਂਸ ਆਟੋਮੈਟਿਕ ਤਰੀਕੇ ਨਾਲ ਹੀ ਕਰ ਦਿੱਤੀ ਜਾਂਦੀ ਹੈ। ਅਜਿਹੇ 'ਚ ਖੁਦਾ ਨਾ ਖਾਸਤਾ ਜਦੋਂ ਕਦੇ ਵੀ ਘਰੇਲੂ ਗੈਸ ਸਿਲੰਡਰ ਕਾਰਨ ਹੋਣ ਵਾਲੇ ਹਾਦਸੇ ਦੌਰਾਨ ਕੋਈ ਆਰਥਿਕ ਨੁਕਸਾਨ ਜਾਂ ਫਿਰ ਕਿਸੇ ਦੀ ਜਾਨ ਚਲੀ ਜਾਂਦੀ ਹੈ ਤਾਂ ਸਬੰਧਤ ਗੈਸ ਕੰਪਨੀ ਵੱਲੋਂ ਖਪਤਕਾਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਸਮੇਤ ਮੌਤ ਹੋਣ ਦੀ ਸਥਿਤੀ 'ਚ ਇੰਸ਼ੋਰੈਂਸ ਦੇ ਰੂਪ 'ਚ ਖਪਤਕਾਰ ਦੇ ਪਰਿਵਾਰ ਨੂੰ ਭਾਰੀ ਮੁਆਵਜ਼ਾ ਦਿੱਤਾ ਜਾਂਦਾ ਹੈ ਪਰ ਇਸ ਦੇ ਲਈ ਗੈਸ ਕੰਪਨੀਆਂ ਵੱਲੋਂ ਨਿਰਧਾਰਤ ਕੀਤੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰਨਾ ਅਤਿ-ਜ਼ਰੂਰੀ ਹੈ। ਮੌਜੂਦਾ ਸਮੇਂ ਦੌਰਾਨ ਗੈਸ ਕੰਪਨੀਆਂ ਵੱਲੋਂ ਖਪਤਕਾਰਾਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਜਿਥੇ ਮੁਫਤ

ਸੁਰੱਖਿਆ ਜਾਂਚ ਕੀਤੀ ਜਾ ਰਹੀ ਹੈ, ਉਥੇ ਬਾਇਓਮੀਟ੍ਰਿਕ ਪ੍ਰਣਾਲੀ ਰਾਹੀਂ ਖਪਤਕਾਰ ਨੂੰ ਕੇ.ਵਾਈ.ਸੀ. ਯੋਜਨਾਂ ਵਰਗੀ ਵੱਡਮੁੱਲੀ ਯੋਜਨਾਂ ਨਾਲ ਵੀ ਜੋੜਿਆ ਜਾ ਰਿਹਾ ਹੈ ਤਾਂ ਕਿ ਖਪਤਕਾਰਾਂ ਨੂੰ ਗੈਸ ਕੰਪਨੀਆਂ ਵੱਲੋਂ ਮਿਲਣ ਵਾਲੀ ਹਰੇਕ ਸਹੂਲਤ ਦਾ ਲਾਭ ਮਿਲ ਸਕੇ। ਕੰਪਨੀ ਵੱਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਖਪਤਕਾਰਾਂ ਨੂੰ ਮਿਲਣ ਵਾਲੀ ਸਬਸਿਡੀ ਰਾਸ਼ੀ 'ਤੇ ਬ੍ਰੇਕ ਵੀ ਲੱਗ ਸਕਦੀ ਹੈ, ਜਿਸ ਲਈ ਜ਼ਰੂਰੀ ਹੈ ਕਿ ਉਹ ਏਜੰਸੀ ਡੀਲਰ ਕੋਲ ਜਾ ਕੇ ਬਾਇਓਮੀਟ੍ਰਿਕ ਪ੍ਰਣਾਲੀ ਨਾਲ ਹੋਣ ਵਾਲੀ ਕੇ.ਵਾਈ.ਸੀ. ਜ਼ਰੂਰ ਕਰਵਾਉਣ। ਸਥਾਨਕ ਐੱਚ.ਪੀ. ਗੈਸ ਏਜੰਸੀ ਦੇ ਨੁਮਾਇੰਦੇ ਜਗਰੂਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਘਰੇਲੂ ਗੈਸ ਖਪਤਕਾਰਾਂ ਨੂੰ ਮੁਫਤ ਸੁਰੱਖਿਆ ਜਾਂਚ ਦਾ ਲਾਭ ਪਹੁੰਚਾਉਣ ਲਈ ਮੁਲਾਜ਼ਮਾਂ ਦੀਆਂ ਤਿੰਨ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ, ਜਿਸ ਦੇ ਤਹਿਤ ਉਕਤ ਟੀਮ ਦੇ ਮੁਲਾਜ਼ਮ ਘਰ-ਘਰ ਜਾ ਕੇ ਘਰੇਲੂ ਗੈਸ ਸਿਲੰਡਰ, ਗੈਸੀ ਚੁੱਲੇ ਰੈਗੂਲੇਟਰ ਤੇ ਸੁਰੱਖਿਆ ਪਾਈਪ ਨੂੰ ਮੁਫਤ 'ਚ ਚੈੱਕ ਕਰ ਰਹੇ ਹਨ। ਉਨ੍ਹਾਂ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਗੈਸ ਕੰਪਨੀ ਵੱਲੋਂ ਚਲਾਈ ਗਈ ਇਸ ਮੁਹਿੰਮ ਦਾ ਮੁਫਤ ਲਾਭ ਉਠਾਉਣ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਏਜੰਸੀ ਦੇ ਦਫਤਰ 'ਚ ਖਪਤਕਾਰਾਂ ਨੂੰ ਮੁਫਤ 'ਚ ਬਾਇਓਮੀਟ੍ਰਿਕ ਪ੍ਰਣਾਲੀ ਰਾਹੀਂ ਕੇ.ਵਾਈ.ਸੀ. ਯੋਜਨਾਂ ਨਾਲ ਜੋੜਿਆ ਜਾ ਰਿਹਾ ਹੈ, ਜਿਸ ਦਾ ਮਕਸਦ ਇਹ ਹੈ ਕਿ ਮੌਜੂਦਾ ਸਮੇਂ ਦੌਰਾਨ ਕੰਪਨੀ ਨਾਲ ਜੁੜੇ ਹਰ ਖਪਤਕਾਰ ਦੀ ਜਾਣਕਾਰੀ ਕੰਪਨੀ ਤੱਕ ਪਹੁੰਚਾਈ ਜਾ ਸਕੇ।

ਜ਼ਿਲ੍ਹਾ ਗੁਰਦਾਸਪੁਰ ਦੇ 4153 ਨਾਗਰਿਕਾਂ ਨੇ ਘਰ ਬੈਠੇ ਪ੍ਰਸ਼ਾਸ਼ਕੀ ਸੇਵਾਵਾਂ ਦਾ ਲਿਆ ਲਾਭ: ਰਮਨ ਬਹਿਲ

ਕਿਸ਼ਨ ਪਾਲ

ਗੁਰਦਾਸਪੁਰ 16 ਜਨਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਘਰ ਬੈਠੇ ਵੱਖ-ਵੱਖ ਪ੍ਰਸ਼ਾਸ਼ਨਿਕ ਸੇਵਾਵਾਂ ਦਾ ਲਾਭ ਦੇਣ ਲਈ ਸ਼ੁਰੂ ਕੀਤੀ ਗਈ 1076 ਹੈਲਪ ਲਾਇਨ ਆਮ ਲੋਕਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਇਸ ਹੈਲਪ ਲਾਇਨ ਰਾਹੀਂ ਹੁਣ ਤੱਕ ਜ਼ਿਲ੍ਹਾ ਗੁਰਦਾਸਪੁਰ ਦੇ 4153 ਨਾਗਰਿਕਾਂ ਨੇ ਵੱਖ-ਵੱਖ ਸੇਵਾਵਾਂ ਦਾ ਘਰ ਬੈਠੇ ਹੀ ਲਾਭ ਪ੍ਰਾਪਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਕੋਈ ਵੀ ਨਾਗਰਿਕ 1076 ਤੇ ਫੋਨ ਕਰਕੇ 43 ਪ੍ਰਕਾਰ ਦੀਆਂ ਸੇਵਾਵਾਂ ਜਿੰਨ੍ਹਾਂ ਵਿਚ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਮੈਰਿਜ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਲੇਬਰ ਕਾਰਡ ਆਦਿ ਸ਼ਾਮਿਲ ਹਨ, ਦਾ ਲਾਭ ਹਾਸਲ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਦਫਤਰਾਂ ਨਾਲ ਸਬੰਧਤ ਇੰਨ੍ਹਾਂ ਸਰਕਾਰੀ ਸੇਵਾਵਾਂ ਲਈ ਪ੍ਰਾਰਥੀ ਸਰਕਾਰੀ ਨੁੰਮਾਇੰਦੇ ਨੂੰ ਆਪਣੇ ਘਰ ਬੁਲਾ ਸਕਦਾ ਹੈ ਭਾਵ ਇੰਨ੍ਹਾਂ 43



ਪ੍ਰਕਾਰ ਦੇ ਸਰਕਾਰੀ ਕੰਮਾਂ ਲਈ ਕਿਸੇ ਵੀ ਦਫ਼ਤਰ ਜਾਣ ਦੀ ਜਰੂਰਤ ਨਹੀਂ ਹੈ। ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਹੈਲਪ ਲਾਇਨ ਨੰਬਰ 1076 ਰਾਹੀਂ ਹੁਣ ਤੱਕ ਜ਼ਿਲ੍ਹਾ ਗੁਰਦਾਸਪੁਰ ਦੇ 4153 ਨਾਗਰਿਕਾਂ ਨੇ ਵੱਖ-ਵੱਖ ਸੇਵਾਵਾਂ ਦਾ ਘਰ ਬੈਠੇ ਹੀ ਲਾਭ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸੁਵਿਧਾ ਨਾਲ ਆਮ ਲੋਕਾਂ ਦੇ ਦਫ਼ਤਰਾਂ ਵਿੱਚ ਆਉਣ-ਜਾਣ ਨਾਲ ਉਨ੍ਹਾਂ ਦੇ ਸਮੇਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੇਵਾ ਤਹਿਤ ਸਰਕਾਰੀ ਨੁਮਾਂਇੰਦਾ ਨਾਗਰਿਕ ਦੇ ਘਰ ਆ ਕੇ ਉਸ ਦੀ ਅਰਜ਼ੀ ਲੈਂਦਾ ਹੈ, ਫੋਟੋ ਤੇ ਹੋਰ ਦਸਤਾਵੇਜ਼ ਪ੍ਰਾਪਤ ਕਰਦਾ ਹੈ ਅਤੇ ਨਾਗਰਿਕ ਦਾ ਕੰਮ ਹੋਣ ਤੋਂ ਬਾਅਦ ਸਰਟੀਫਿਕੇਟ ਉਨ੍ਹਾਂ ਦੇ ਘਰ ਪਹੁੰਚਾਉਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈੱਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬੱਚਤ ਕਰਨ।

ਫਰਜ਼ੀ ਨਕਸ਼ਾ ਤੇ ਫਰਜ਼ੀ ਦਸਤਾਵੇਜ਼ ਤਿਆਰ ਕਰ ਕੇ ਮਕਾਨ ਵੇਚਣ ਦੇ ਦੋਸ਼ 'ਚ ਜੋੜੇ ਸਮੇਤ 3 ਨਾਮਜਦ

ਲੁਧਿਆਣਾ 16 ਜਨਵਰੀ। ਫਰਜ਼ੀ ਨਕਸ਼ਾ ਅਤੇ ਦਸਤਾਵੇਜ਼ ਤਿਆਰ ਕਰ ਕੇ 3 ਲੋਕਾਂ ਨੇ ਇਕ ਵਿਅਕਤੀ ਨੂੰ ਮਕਾਨ ਵੇਚ ਦਿੱਤਾ ਪਰ ਜਦੋਂ ਉਸ ਨੇ ਦਸਤਾਵੇਜ਼ਾਂ ਦੀ ਜਾਂਚ ਕਰਵਾਈ ਤਾਂ ਉਸ ਨੂੰ ਧੋਖੇ ਦਾ ਪਤਾ ਲੱਗਾ, ਜਿਸ 'ਤੇ ਉਸ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ। ਜਾਂਚ ਤੋਂ ਬਾਅਦ ਥਾਣਾ ਸਦਰ ਦੀ ਪੁਲਸ ਨੇ 3 ਲੋਕਾਂ ਖਿਲਾਫ ਕਾਰਵਾਈ ਕੀਤੀ ਹੈ। ਜਾਣਕਾਰੀ ਮੁਤਾਬਕ, ਪੁਲਸ ਨੇ ਰਾਜਗੁਰੂ ਨਗਰ ਦੇ ਰਹਿਣ ਵਾਲੇ ਤੇਜਿੰਦਰ ਮੋਹਨ ਸਿੰਘ ਦੇ ਬਿਆਨਾਂ 'ਤੇ ਦੀਪ ਨਗਰ ਦੇ ਰਹਿਣ ਵਾਲੇ

ਰਜਤ ਭਾਟੀਆ, ਰਾਜਗੁਰੂ ਐਕਸਟੈਂਸ਼ਨ ਦੇ ਰਹਿਣ ਵਾਲੇ ਕਮਲਦੀਪ ਕਾਲੜਾ ਤੇ ਉਸ ਦੀ ਪਤਨੀ ਪੂਰਨਿਮਾ ਖਿਲਾਫ ਸਾਜ਼ਿਸ਼